# ਰੇਡੀਓ ਲਵੀਵਾਰ:ਜਲਵਾਯੂ ਬਦਲਾਅ – ਕਿਉਂ ਬਦਲ ਰਹੀ ਹੈਂ ਫਿਜ਼ਾਏਂ

## ਕੜੀ 52: ਜਲਵਾਯੂ ਬਦਲਾਅ – ਮੁੱਦਿਆਂ ਦਾ ਤੱਤ-ਸਾਰ , ਆਪਸੀ ਵਾਰਤਾਲਾਪ

**(Gist of Issues - Mutual discussion Episode)**

ਪੰਜਾਬੀ ਰੁਪਾਂਤਰ, ਖੋਜ ਤੇ ਲੇਖਣ: ਭਾਰਤ ਗਿਆਨ ਵਿਗਿਆਨ ਸੰਮਤੀ, ਪੰਜਾਬ ਤੇ ਚੰਡੀਗੜ੍ਹ

(In this episode, we have discussed the gist of the serial on climate change and global warming under the title, 'Kion Badal Rahi Hain Fizaen' in 52 episodes, divided into seven segments. In the first segment 'Understanding the Science of Climate change and Global Warming we have discussed climate and weather, factors , variation, change in climate system of earth. The science behind it and the reality check on claims of global warming while in 2nd Segment, 'Major Factor Responsible for Climate Change' lke ocean, volcanism, plate techtonic, life, human and orbital variations are in focus. Historical and archeological evidence are discussed. In 3rd Segment, 'Proof in Favour of Climate Change' temperature , sea level, fauna and flora and other evidences are the issues of discussion. The 4th Segment, 'Visible Impact of Climate Change' harmful impact, displacement of population, and emergence new diseasesre-emergence of old diseases, are the main points. The 5th Segment deals with some more Harmful impacts and also the beneficial Impact, namely population at risk with diseases, food security, climate induced losses and the beneficial impact by increasing carbon and availability of land on melting of glaciers. In the next segment the initiatives to deal with the situation are the main issues like norms, conventions institutions, major agreements, carbon taxes , green paradox and the politics involved has been the main concerns. The last , the 7th segment 'Climate Change & India Major Impact' Climate Change in India, rise of Sea Level and Inundation of Coastal Area, islands, Effect on Fishing & livelihood problem followed by displacement. Increase Soil Salinity, Changing Monsoon pattern Rain Cycle, Impact on Agriculture and crop production, Melting of Glaciers & Floods, Increase Risk of Diseases,Ecological Impact on Forest, Natural resources, Extreme Weather in recent Past, Energy Scenario and SDG, our preparedness to face it and the measures for adaptation to the phenomenon of climate change has been made the focus ).

(ਇਸ ਕੜੀ ਵਿੱਚ ਅਸੀਂ ਜਲਵਾਯੂ ਬਦਲਾਅ ਅਤੇ ਆਲਮੀ ਤਪਸ਼ ਨੂੰ , 'ਕਿਉਂ ਬਦਲ ਰਹੀ ਹੈਂ ਫਿਜ਼ਾਏਂ' ਸੱਤ ਭਾਗਾਂ ਵਿੱਚ 52 ਕੜੀਆਂ ਰਾਹੀਂ ਪੇਸ਼ ਕੀਤੇ ਲੜੀਵਾਰ ਦਾ ਨਿਚੋੜ ਯਾਣੀ ਤੱਤ-ਸਾਰ ਪੇਸ਼ ਕੀਤਾ ਹੈ ! ਪਹਿਲਾ ਭਾਗ 'ਜਲਵਾਯੂ ਬਦਲਾਅ ਅਤੇ ਆਲਮੀ ਤਪਸ਼ ਦੀ ਵਿਗਆਨ ਨੂੰ ਸਮਝਣਾ, ਵਿੱਚ ਅਸੀਂ ਜਲਵਾਯੂ ਤੇ ਮੌਸਮ , ਕਾਰਕ, ਵਿਭਿੰਨਤਾਵਾਂ,

ਧਰਤੀ ਦੇ ਜਲਵਾਯੂ ਬਦਲਾਅ ਦੀ ਵਿਗਿਆਨ ਅਤੇ ਆਲਮੀ ਤਪਸ਼ ਦੀ ਹਕੀਕਤ ਬਾਬਤ ਚਰਚਾ ਕੀਤੀ ਹੈ ! ਦੂਜੇ ਭਾਗ, ਜਲਵਾਯੂ ਬਦਲਾਅ ਵਾਸਤੇ ਜਿੰਮੇਵਾਰ ਮੁੱਖ ਕਾਰਕ ਜਿਵੇਂ ਸਮੁੰਦਰ, ਜਵਾਲਾਮੁਖੀ ਵਿਸਫੋਟ, ਧਰਤ ਪਲੇਟਾਂ ਦੀ ਹੱਲ-ਚਲ, ਜੈਵਿਕ ਸੰਸਾਰ, ਮਨੁਖੀ ਗਤੀਵਿਧੀਆਂ, ਧਰਤੀ ਦੇ ਪੰਧ ਦੇ ਬਦਲਾਅ ਅਤੇ ਇਤਿਹਾਸਿਕ ਤੇ ਅਤੇ ਪੁਰਾਤਤਵ ਵਿਗਿਆਨ ਦੀਆਂ ਸ਼ਹਾਦਤਾਂ ਨੂੰ ਕੇਂਦ੍ਰਤ ਕੀਤਾ ਹੈ ! ਤੀਜਾ ਭਾਗ 'ਜਲਵਾਯੂ ਬਦਲਅ ਦੇ ਸਬੂਤ' ਵਿੱਚ ਤਾਪਮਾਨ ਦਾ ਬਦਾਅ, ਸਮੁੰਦਰ ਦਾ ਜਲ-ਪੱਧਰ, ਜੈਵਿਕ ਸੰਸਾਰ ਯਾਣੀ ਜਾਨਵਰਾਂ ਅਤੇ ਬਨਸਪਤੀ ਉਪਰ ਪ੍ਰਭਾਵ ਅਤੇ ਹੋਰ ਸਬੂਤਾਂ ਬਾਬਤ ਚਰਚਾ ਕਤਿ ਗਈ ਹੈ ! ਚੌਥਾ ਭਾਗ ਹੈ ਜਲਵਾਯੂ ਬਦਲਾਅ ਦੇ ਪ੍ਰਤੱਖ ਪ੍ਰਭਾਵਾਂ ਬਾਬਤ ! ਇਸ ਵਿੱਚ ਇਸ ਬਦਲਾਅ ਦੇ ਨੁਕਸਾਨ , ਜਨ ਸਮੂਹਾਂ ਦਾ ਉਜਾੜਾ, ਨਵੀਂਆਂ ਬਿਮਾਰੀਆਂ ਦਾ ਪਨਪਣਾ ਤੇ ਪੁਰਾਣੀਆਂ ਬਿਮਾਰੀਆਂ ਦੀ ਪੁਨਰ ਸੁਰਜੀਤੀ ਮੁੱਖ ਨੁਕਤੇ ਹਨ ਜਦ ਕਿ ਪੰਜਵੇਂ ਭਾਗ ਵਿੱਚ ਕੁੱਝ ਹੋਰ ਨੁਕਸਾਨਾਂ ਅਤੇ ਇਸਦੇ ਦੱਸੇ ਜਾਂਦੇ ਲਾਭਾਂ 'ਤੇ ਵਾਰਤਾਲਾਪ ਹੈ ਜਿਨ੍ਹਾਂ ਵਿੱਚ ਸ਼ਾਮਲ ਨੇ ਮਨੁੱਖੀ ਸਿਹਤ 'ਤੇ ਕਈ ਹੋਰ ਮਾੜੇ ਪ੍ਰਭਾਵ, ਖਤਰੇ ਦੀ ਜੱਦ ਵਿੱਚ ਲੁਕਾਈ, ਬਿਮਾਰੀਆਂ, ਭੋਜਨ ਸੁਰੱਖਿਆ , ਜਲਵਾਯੂ ਬਦਲਾਅ ਕਾਰਨ ਖਰਾਬਾ ਅਤੇ ਇਸ ਬਦਲਾਅ ਕਾਰਨ ਵਧਦੀ ਕਾਰਬਨ ਜਾਂ ਪਿਘਲਦੇ ਗਲੇਸ਼ੀਅਰਾਂ ਕਾਰਨ ਉਪਲਬਧ ਹੋਈ ਜ਼ਮੀਨ ਦੇ ਦੱਸੇ ਜਾਂਦੇ ਲਾਭਾਂ ਤੇ ਚਰਚਾ ਹੈ ! ਅਗਲੇ ਹਿੱਸੇ, ਇਸ ਨਾਲ ਨਿਪਟਣ ਵਾਸਤੇ ਯਤਨ, ਵਿੱਚ ਮਾਪ ਦੰਡ, ਸੰਮੇਲਨ, ਸੰਸਥਾਵਾਂ, ਮੁੱਖ ਸਮਝੌਤੇ, ਕਾਰਬਨ ਕਰ, ਹਰਿਤ ਵਿਰੋਧਾਭਾਸ ਤੇ ਇਸ ਪਿੱਛੇ ਕੰਮ ਕਰਦੀ ਸਿਆਸਤ ਮੁੱਖ ਬਿੰਦੂ ਹਨ ਚਰਚਾ ਦੇ ! ਆਖਰੀ ਤੇ ਸੱਤਵੇਂ ਭਾਗ, ਜਲਵਾਯੂ ਬਦਲਾਅ ਅਤੇ ਭਾਰਤ 'ਤੇ ਮੁੱਖ ਪ੍ਰਭਾਵ ਵਿੱਚ , ਸਮੁੰਦਰੀ ਜਲ ਪੱਧਰ ਦਾ ਵੱਧਣਾ , ਤਟਵਰਤੀ ਇਲਾਕਿਆਂ ਤੇ ਟਾਪੂਆਂ ਦਾ ਜਲਮਗਨ ਹੋਣਾ, ਮੱਛੀ ਪਕੜਣ ਦੇ ਧੰਦੇ 'ਤੇ ਪ੍ਰਭਾਵ ਅਤੇ ਗੁਜਰ-ਬਸਰ 'ਤੇ ਪ੍ਰਭਾਵ, ਵਸੋਂ ਦਾ ਉਜਾੜਾ, ਜ਼ਮੀਨ ਦਾ ਖਾਰਾਪਣ ਵਧਣਾ, ਮਾਨਸੂਨ ਵਿੱਚ ਬਦਲਾਅ ਤੇ ਬਦਲਦਾ ਵਰਖਾ ਚੱਕਰ, ਖੇਤੀਬਾੜੀ ਅਤੇ ਫਸਲਾਂ ਦੇ ਉਤਪਾਦਨ ਤੇ ਪ੍ਰਭਾਵ, ਗਲੇਸ਼ੀਅ੍ਰਾਂ ਦਾ ਪਿਘਲਣਾ ਅਤੇ ਹੜ੍ਹ , ਬਿਮਾਰੀਆਂ ਦੇ ਵੱਧਦੇ ਖਤਰੇ, ਕੁਦਰਤੀ ਸ੍ਰੋਤਾਂ ਅਤੇ ਜੰਗਲਾਂ 'ਤੇ ਪ੍ਰਭਾਵ, ਪਿਛਲੇ ਸਮੇ ਦੌਰਾਨ ਮੌਸਮ ਦੀ ਅੱਤ, ਊਰਜਾ ਸਥਿਤੀ ਤੇ ਟਿਕਾਊ ਵਿਕਾਸ ਦੇ ਟੀਚੇ, ਇਸ ਦੇ ਮੁਕਾਬਲੇ ਲਈ ਸਾਡੀ ਤਿਆਰੀ ਅਤੇ ਅਨੁਕੂਲਣ ਗਤੀਵਿਧੀਆਂ ਤੇ ਪ੍ਰਬੰਧ ਚਰਚਾ ਦੇ ਮੁੱਦੇ ਹਨ ! ਇਹ ਕੜੀ ਕੇਵਲ ਦੋ ਪਾਤਰਾਂ, ਮਰਦ ਸੂਤਰਧਾਰ ਤੇ ਔਰਤ ਸੂਤਰਧਾਰ, ਵਿੱਚ ਹੋ ਰਹੇ ਆਪਸੀ ਵਾਰਤਾਲਾਪ ਰਾਹੀਂ ਪੂਰਬਲੀਆਂ ਸਾਰੀਆਂ ਕੜੀਆਂ ਵਿੱਚ ਉਭਾਰੇ ਗਏ ਮੁਦਿਆਂ ਦਾ ਸਾਰ ਹੈ।)

ਪਾਤਰ

ਔਰਤ ਸੂਤਰਧਾਰ

ਮਰਦ ਸੂਤਰਧਾਰ

**ਸ਼ੁਰੂਆਤੀ ਐਲਾਨ**

(ਸਿਰਲੇਖ ਗੀਤ ਦਾ ਸੰਗੀਤ-ਟ੍ਰੈਕ ਸੁਣਾਇਆ ਜਾਵੇਗਾ)

ਜਲਵਾਯੂ ਬਦਲਾਅ, ਕਿਉਂ ਬਦਲ ਰਹੀ ਹੈਂ ਫਿਜ਼ਾਏਂ ......

ਸੰਗੀਤ......

ਐਲਾਨ : ਆਲ ਇੰਡੀਆ ਰੇਡਿਓ ਵੱਲੋਂ ਵਿਗਿਆਨ-ਪ੍ਰਸਾਰ ਦੇ ਸਹਿਯੋਗ ਨਾਲ ਪੇਸ਼ ਹੈ, ਜਲਵਾਯੂ ਬਦਲਾਅ ਦੀ ਵਿਗਿਆਨ ਦੇ ਲੜੀਵਾਰ "ਕਿਉਂ ਬਦਲ ਰਹੀ ਹੈਂ ਫਿਜ਼ਾਏਂ" ਦੀ ਬਵੰਜਵੀਂ ਕੜੀ "**ਮੁੱਦਿਆਂ ਦਾ ਤੱਤ-ਸਾਰ , ਆਪਸੀ ਵਾਰਤਾਲਾਪ**"।

(ਸਿਰਲੇਖ ਗੀਤ ਦਾ ਸੰਗੀਤ-ਟ੍ਰੈਕ ਮੁੜ ਸੁਣਾਇਆ ਜਾਵੇਗਾ)

ਔਰਤ ਸੂਤਰਧਾਰ: ਹਾਂ ਜੀ। ਪਿਆਰੇ ਸ੍ਰੋਤਿਓ ...ਸੁਆਗਤ ਹੈ ਜੀ ਤੁਹਾਡਾ ਸਭ ਦਾ ਅੱਜ ਦੇ "ਜਲਵਾਯੂ ਬਦਲਾਅ ਦੀ ਵਿਗਿਆਨ" ਦੇ ਲੜੀਵਾਰ "ਕਿਉਂ ਬਦਲ ਰਹੀ ਹੈਂ ਫਿਜ਼ਾਏਂ" ਦੀ ਬਵੰਜਵੀਂ ਕੜੀ ਵਿੱਚ।

ਮਰਦ ਸੂਤਰਧਾਰ : ਹਾਂ! ਇਸ ਲੜੀਵਾਰ "ਕਿਉਂ ਬਦਲ ਰਹੀ ਹੈਂ ਫਿਜ਼ਾਏਂ" ਦੀ ਪਿਛਲੀ ਕੜੀ, 'ਚਰਚਾ - ਆਪਸੀ ਵਾਰਤਾਲਾਪ' ਵਿੱਚ ਸੁਣਾਈ ਸੀ ਕਹਾਣੀ ਉਨ੍ਹਾਂ ਯਤਨਾਂ ਦੀ ਕਰ ਰਹੇ ਹਾਂ ਜੋ ਅਸੀਂ ਵੱਖ - ਵੱਖ ਪਧਰਾਂ ਉਪਰ ਜਲਵਾਯੂ ਬਦਲਾਅ ਦੇ ਕਾਰਨ ਆ ਰਹੀਆਂ ਸਮੱਸਿਆਵਾਂ ਦੇ ਮੁਕਾਬਲੇ ਦੇ ਲਈ ਬਦਲਦੇ ਵਿਗੜਦੇ ਮੌਸਮ ਦੀ, ਸਾਡੀਆਂ ਊਰਜਾਂ ਲੋੜਾਂ ਤੇ ਹਰਿਤ ਊਰਜਾ ਦੀ !

ਔਰਤ ਸੂਤਰਧਾਰ: ਜਦ ਅਸੀਂ ਕਰਦੇ ਹਾਂ ਗੱਲ ਜਲਵਾਯੂ ਬਦਲਾਅ ਦੀ ਤਾਂ ਅਸੀਂ ਸਮਝਣ ਦੀ ਕੋਸ਼ਿਸ਼ ਕਰਦੇ ਹਾਂ ਕਿ ਜਲਵਾਯੂ ਬਦਲਾਅ ਤੇ ਮੌਸਮਾਂ ਦੇ ਬਦਲਾਅ ਦਾ ਫਰਕ ਅਸੀਂ ਕਿਵੇਂ ਕਰਦੇ ਹਾਂ ?

ਮਰਦ ਸੂਤਰਧਾਰ: ਸੁਣ ਲਿਆ ਸੀ ਅਸੀਂ ਕਿ ਮੌਸਮਾਂ ਦਾ ਬਦਲਾਅ ਅਸੀਂ ਵਿਗਿਆਨਿਕ ਤੌਰ ਤੇ ਵੀ ਤੇ ਆਮ ਬੋਲ ਚਾਲ ਵਿੱਚ ਵੀ ਉਸ ਬਦਲਾਅ ਨੂੰ ਜੋ ਹੁੰਦਾ ਰਹਿੰਦਾ ਹੈ ਸਾਲ ਦਰ ਸਾਲ ਮੌਸਮਾਂ ਦੇ ਵਿੱਚ !

ਔਰਤ ਸੂਤਰਧਾਰ: ਸੁਣਾਈ ਸੀ ਕਹਾਣੀ ਕਿ ਮੌਸਮ ਦਾ ਬਦਲਾਅ ਹੁੰਦਾ ਹੈ ਕਿ ਕਿਸੇ ਸਾਲ ਜਿਆਦਾ ਵਰਖਾ ਆ ਜਾਂਦੀ ਹੈ ਤੇ ਕਦੀ ਗੱਟ , ਕਦੀ ਜਲਦੀ ਆ ਜਾਂਦੀ ਹੈ ਤੇ ਕਦੀ ਘੱਟ ! ਕਿਸੇ ਸਾਲ ਗਰਮੀ ਤੇਜ ਪੈਂਦੀ ਹੈ ਤੇ ਲੂ ਜਿਆਦਾ ਚਲਦੀ ਹੈ ਤੇ ਕਦੀ ਘੱਟ ! ਕਦੀ ਸਰਦੀ ਕੋਹਰਾ ਧੁੰਦ ਜਿਆਦਾ ਕਦੀ ਘੱਟ !

ਮਰਦ ਸੂਤਰਧਾਰ: ਬੱਸ ਇਸੇ ਤਰ੍ਹਾਂ ਜਿਵੇਂ ਇਸ ਸਾਲ ਸਰਦੀ ਜਿਆਦਾ ਲੰਬੀ ਤੇ ਜਿਆਦਾ ਤੇਜ ਪਈ ਹੈ ਅਤੇ ਸਰਦੀਆਂ ਵਿੱਚ ਬੱਦਲਵਾਈ ਤੇ ਬਾਰਸ਼ਾਂ ਵੀ ਜਿਆਦਾ ਹੋਈਆਂ ਨੇ ਪਿਛਲੇ ਸਾਲਾਂ ਦੇ ਮੁਕਾਬਲੇ !

ਔਰਤ ਸੂਤਰਧਾਰ: ਬੱਸ ਇਹੀ ਤਾਂ ਹੁੰਦਾ ਹੈ ਮੌਸਮ ਦਾ ਬਦਲਾਅ ! ਭਾਵੇਂ ਮੌਸਮ ਦਾ ਬਦਲਾਅ ਹੁੰਦਾ ਹੈ ਪਿਛਲੇ ਲੰਮੇ ਸਮੇ ਦੇ ਜਲਵਾਯੂ ਪ੍ਰਭਾਵ ਦਾ ਹੀ ਸਿੱਟਾ , ਪਰ ਫਿਰ ਵੀ ਇਹ ਜਲਵਾਯੂ ਬਦਲਾਅ ਤੋਂ ਵੱਖਰਾ ਵਰਤਾਰਾ ਹੈ ਤੇ ਇਹ ਤਾਂ ਹਰ ਸਾਲ ਬਦਲਦਾ ਰਹਿੰਦਾ ਹੈ !

ਮਰਦ ਸੂਤਰਧਾਰ : ਜਲਵਾਯੂ ਬਦਲਾਅ ਦਾ ਲੇਖਾ ਜੋਖਾ ਕਰਕੇ ਸਮੁਚਾ ਬਦਲਾਅ ਦਰਸਾਇਆ ਜਾਂਦਾ ਹੈ ਲੰਬੀ ਅਵਧੀ ਦੇ ਸਾਲ ਦਰ ਸਾਲ ਬਦਲਦੇ ਮੌਸਮਾਂ ਦੇ ਹਿਸਾਬ ਕਿਤਾਬ ਤੋਂ !

ਔਰਤ ਸੂਤਰਧਾਰ: ਹਾਂ ਜੀ ਸੁਣਾਈ ਸੀ ਕਹਾਣੀ ਕਿ ਜਲਵਾਯੂ ਬਦਲਾਅ ਦੱਸਣ ਵਾਸਤੇ ਘੱਟੋ ਘੱਟ ਤਿੰਨ ਦਹਾਕਿਆਂ ਯਾਣੀ 30 ਸਾਲਾਂ ਦੇ ਮੌਸਮ ਦੇ ਅਨੁਮਾਨਾਂ ਦੇ ਔਸਤ ਅਤੇ ਅੰਕੜਾ ਵਿਗਿਆਨ ਦੇ ਨਤੀਜਿਆਂ ਦਾ ਆਂਕਲਣ ਕਤਿਾ ਜਾਂਦਾ ਹੈ । ਕਰ ਦਿੱਤਾ ਸੀ ਸਪਸ਼ਟ ਕਿ ਤਿੰਨ ਦਹਾਕਿਆਂ ਦੇ ਮੌਸਮਾਂ ਦੇ ਬਦਲਾਅ ਦੇ ਸਮੁਚੇ ਆਂਕਲਨ ਨੂੰ ਕਹਿੰਦੇ ਹਾਂ ਜਲਵਾਯੂ ਬਦਲਾਅ ! ਇਹ ਇੱਕ ਵਿਗਿਆਨਕ ਵਰਤਾਰੇ ਦਾ ਸ਼ਬਦ ਹੈ !

ਮਰਦ ਸੂਤਰਧਾਰ : ਸੁਣਾ ਦਿੱਤਾ ਸੀ ਕਿੱਸਾ ਕਿ ਮੌਸਮ ਦਾ ਬਦਲਾਅ ਤਾਂ ਨਿੱਤ ਦਿਨ ਹੁੰਦਾ ਰਹਿੰਦਾ ਹੇ ਅਤੇ ਮੌਸਮ ਵਿਭਾਗ ਹਰ ਰੋਜ ਅਗਲੇ 24 ਤੋਂ 48 ਘੰਟੇ ਦੇ ਮੌਸਮ ਬਾਬਤ ਹਿਸਾਬ ਲਗਾ ਕੇਆਉਣ ਵਾਲੇ ਮੌਸਮ ਦਾ ਹਾਲ ਦਸਦਾ ਰਹਿੰਦਾ ਹੈ !

ਔਰਤ ਸੂਤਰਧਾਰ: ਸਮਝ ਗਏ ਮੌਸਮ ਹੈ ਅਲਪ ਕਾਲ ਬਦਲਾਅ ਦਿਨਾਂ ਮਹੀਨਿਆਂ ਜਾਂ ਸਾਲ ਦਰ ਸਾਲ ਦਾ ਜਦਕਿ ਜਲਵਾਯੂ ਬਦਲਾਅ ਹੈ ਦੀਰਘ ਕਾਲ ਬਦਲਾਅ ਘੱਟੋ ਘੱਟ ਤਿੰਨ ਦਹਾਕਿਆਂ ਦਾ !

ਮਰਦ ਸੂਤਰਧਾਰ : ਜਲਵਾਯੂ ਬਦਲਾਅ ਦੇ ਮੁੱਖ ਕਾਰਕ ਦੱਸੇ ਸਨ ਕਿ ਬੁਨਿਆਦੀ ਢਾਂਚੇ ਦੇ ਵਿਕਾਸ ਲਈ ਕੇਰਲਾ ਵਿੱਚ 4 ਲੱਖ ਹੈਕਟੇਅਰ ਕੁਦਰਤੀ ਵਣ ਅਤੇ 2.5 ਲੱਖ ਹੈਕਟੇਅਰ ਨਮ-ਭੂਮੀ ਦਾ ਸਫਾਇਆ ਕਰ ਦਿੱਤਾ ਗਿਆ, ਗ਼ੈਰ-ਖੇਤੀ ਸਕੀਮਾਂ ਵਾਸਤੇ ਧਰਤੀ ਦੀ ਵਰਤੋਂ ਦਾ ਵਧਣਾ , ਪਿਛਲੇ 50 ਸਾਲਾਂ ਵਿਚ ਧਰਤੀ ਦੀ ਵਰਤੋਂ ਦੁਗਣੀ ਤੋਂ ਵੀ ਵੱਧ ਹੋ ਗਈ, ਰਵਾਇਤੀ ਫ਼ਸਲਾਂ ਦੀ ਥਾਂ ਰਬੜ ਅਤੇ ਹੋਰ ਵਪਾਰਕ ਫ਼ਸਲਾਂ ਦੇ ਬਾਗ ਲਗਾ ਦਿੱਤੇ ਜਾਣਾ ਆਦਿ !

ਔਰਤ ਸੂਤਰਧਾਰ: ਯਾਣੀ ਸਾਡੇ ਨਵੇਂ ਵਿਕਾਸ ਮਾਡਲ ਕਾਰਨ ਆਲੇ ਦੁਆਲੇ ਵਿੱਚ ਮਨੁੱਖੀ ਗਤੀਵਿਧੀਆਂ ਨਾਲ ਕੀਤੇ ਬਦਲਾਅ ਨੇ ਜਲਵਾਯੂ ਬਦਲਾਅ ਦੇ ਮੁੱਖ ਕਾਰਕ ! ਇਨ੍ਹਾਂ ਨੇ ਮੀਂਹ ਦੇ ਪਾਣੀ ਦੇ ਪ੍ਰਬੰਧਨ ਅਤੇ ਵਹਾਅ ਵਿਚ ਸਮੱਸਿਆ ਪੈਦਾ ਕਰ ਦਿੱਤੀ, ਭੂਮੀ ਦੀ ਜਲ ਸੋਖਣ ਸ਼ਕਤੀ ਨੂੰ ਘੱਟਾ ਦਿੱਤਾ.. ਹੜ੍ਹਾਂ ਦੇ ਹਾਲਾਤ ਪੈਦਾ ਕਰਕੇ ਬਾੜਮੇਰ ਵਰਗੇ ਖੁਸ਼ਕ ਇਲਾਕਿਆਂ ਵਿੱਚ ਸਾਲ 2015 ਵਿੱਚ ਹੜ੍ਹ ਆਉਣ ਲੱਗ ਗਏ ਹਨ !

ਮਰਦ ਸੂਤਰਧਾਰ : ਸੁਣ ਲਿਆ ਸੀ ਅਸੀਂ ਕਿੱਸਾ ਇਹ ਵੀ ਕਿ ਕਿਵੇਂ ਇਸ ਧਰਤ ਗ੍ਰਹਿ ਦੇ ਜਲ-ਮੰਡਲ, ਥਲ -ਮੰਡਲ, ਜੈਵ-ਮੰਡਲ, ਵਾਯੂ-ਮੰਡਲ ਤੇ ਹਿਮ-ਮੰਡਲ ਯਾਣੀ ਬਰਫ ਮੰਡਲ ਵਿੱਚ ਹੋ ਰਹੇ ਨੇ ਬਦਲਾਅ ਜੋ ਜਿੰਮੇਵਾਰ ਨੇ ਜਲਵਾਯੂ ਬਦਲਾਅ ਤੇ ਬਦਲਦੀਆਂ ਫਿਜ਼ਾਵਾਂ ਦੇ !

**ਔਰਤ ਸੂਤਰਾਧਾਰ:** ਹੋਈ ਸੀ ਗੱਲ ਕਿ ਬਰਫਾਨੀ ਚੋਟੀਆਂ ਦਾ ਪਿਘਲਣਾ, ਹਵਾ ਮੰਡਲ ਵਿੱਚ ਹਰਿਤ ਘਰ ਗੈਸਾਂ ਦਾ ਵਧਦਾ ਉਸਰਜਨ , ਬਦਲਦੀ ਜੈਵਿਕ ਭਿੰਨਤਾ, ਜੰਗਲਾਂ ਦੀ ਕਟਾਈ, ਵਰਖਾ ਦੇ ਬਦਲਾਅ ਨੇ ਕਾਰਕ ਇਸ ਬਦਲਦੇ ਜਲਵਾਯੂ ਦੇ !

**ਮਰਦ ਸੂਤਰਧਾਰ:** ਹੋਈ ਸੀ ਚਰਚਾ ਕਿ ਧਰਤ ਦੇ ਵੱਖ-ਵੱਖ ਧਰਾਤਲ ਦੇ ਖੇਤਰਾਂ ਵਿੱਚ ਵੀ ਜਲਵਾਯੂ ਵੱਖ-ਵੱਖ ਹੈ ਜਿਵੇਂ ਭੂ-ਮੱਧ ਰੇਖਾ ਦਾ ਗਰਮ ਤੇ ਤਰ, ਉੱਤਰੀ ਗੋਲਾਰਧ ਵਿੱਚ ਕਰਕ ਤੇ ਦਖਣੀ ਵਿੱਚ ਮਕਰ ਰੇਖਾਂ ਤੋਂ ਅਗਲੇ ਨੇ ਊਸ਼ਣ ਕਟੀਬੰਧੀ ਖੇਤਰ, ਇਥੇ ਨਾ ਜਿਆਦਾ ਗਰਮੀ ਤੇ ਨਾ ਜਿਆਦਾ ਸਰਦੀ ਪਰ ਬਾਰਸ਼ ਕਾਫੀ ਹੁੰਦੀ ਹੈ । ਇਸੇ ਤਰ੍ਹਾਂ ਕਰਕ ਰੇਖਾ ਤੇ ਆਰਕਟਿਕ ਰੇਖਾਂ ਦਰਮਿਆਨ ਅਤੇ ਮਕਰ ਰੇਖਾਂ ਤੇ ਅੰਟਾਰਕਟਿਕ ਰੇਖਾ ਦਰਮਿਆਨ ਨੇ ਸ਼ੀਤ-ਉਸ਼ਣ ਖੰਡ ਅਤੇ ਅੱਗੇ ਨੇ ਬਰਫਾਨੀ ਚੋਟੀਆਂ ਯਾਣੀ ਉਤਰੀ ਤੇ ਦੱਖਣੀ ਧਰੁਵ !

**ਔਰਤ ਸੂਤਰਧਾਰ:** ਸੁਣਾਈ ਸੀ ਕਹਾਣੀ ਕਿ ਕਿਵੇਂਕਿਸੇ ਥਾਂ ਦਾ ਜਲਵਾਯੂ ਨਿਰਭਰ ਕਰਦਾ ਹੈ ਉਸ ਥਾਂ ਦੀ ਭੂ ਮੱਧ ਰੇਖਾ ਤੋਂ ਦੂਰੀ ‘ਤੇ, ਸਮੁੰਦਰ ਤੋਂ ਨੇੜਤਾ ‘ਤੇ , ਸਮੁੰਦਰੀ ਤਲ ਤੋਂ ਉਚਾਈ ‘ਤੇ !

**ਮਰਦ ਸੂਤਰਧਾਰ:** ਸੁਣ ਲਿਆ ਸੀ ਤੁਸੀਂ ਸੱਚ ਕਿ ਸੂਰਜ ਦਿਆਂ ਕਿਰਣਾਂ ਭੂ-ਮੱਧ ਰੇਖਾ ਤੇ ਪੈਂਦੀਆਂ ਨੇ ਸਿੱਧੀਆਂ ਅਤੇ ਉਸਤੋਂ ਅੱਗੇ ਧਰੁਵਾਂ ਵੱਲ ਨੂੰ ਜਾਂਦੇ ਜਾਂਦੇ ਤਿਰਛੀਆਂ ਹੁੰਦੀਆਂ ਜਾਂਦੀਆਂ ਹਨ ਤੇ ਸਿੱਧੀਆਂ ਕਿਰਣਾਂ ਦੀ ਤੇਜ ਗਰਮੀ ਘਟਦੀ ਜਾਂਦੀ ਹੈ ।

**ਔਰਤ ਸੂਤਰਧਾਰ:** ਸੁਣਾਈ ਸੀ ਕਹਾਣੀ ਕਿ ਕਿਵੇਂ ਸੌਰ ਊਰਜਾ, ਧਰਤੀ ਦੀ ਅੰਦਰੂਨੀ ਪ੍ਰਣਾਲੀ ਰਾਹੀਂ ਜਵਾਲਾਮੁਖੀ ਗਤੀਵਿਧੀਆਂ ਵਿਚ ਲਿਆਂਦੇ ਪਰਿਵਰਤਨ ਤੇ ਉਦਯੋਗਿਕ ਕ੍ਰਾਂਤੀ ਕਰਦੇ ਨੇ ਪ੍ਰਭਾਵਤ ਜਲਵਾਯੂ ਨੂੰ !

**ਮਰਦ ਸੂਤਰਧਾਰ :** ਮਨੁੱਖ ਦੀ ਬਦਲਦੀ ਜੀਵਣ ਸ਼ੈਲੀ ਵਿੱਚ ਊਰਜਾ ਦੀ ਵਧਦੀ ਖਪਤ ਅਤੇ ਪਥਰਾਹਟੀ ਬਾਲਣਾਂ ਕਾਰਨ ਹਰਿਤ ਘਰ ਪ੍ਰਭਾਵ ਗੈਸਾਂ ਦਾ ਵਧਦਾ ਉਤਸਰਜਨ ਕਰ ਰਹੇ ਨੇ ਅਦਾ ਅਹਿਮ ਭੂਮਿਕਾ ਇਸ ਜਲਲਵਾਯੂ ਬਦਲਾਅ ਦੇ ਵਰਤਾਰੇ ਵਿੱਚ !

**ਔਰਤ ਸੂਤਰਧਾਰ:** ਹੋਈ ਸੀ ਚਰਚਾ ਕਿ ਹਰਿਤ ਘਰ ਗੈਸਾਂ ਜਿਵੇਂ ਕਾਰਬਨ ਡਾਈ ਅਕਸਾਈਡ, ਮੀਥੇਨ, ਨਾਈਟਰੋਨ ਦੇ ਅਕਸਾਈਡ, ਸਲਫਰ ਡਾਈ ਅਕਸਾਈਡ, ਜਲ ਵਾਸ਼ਪ, ਓਜ਼ੋਨ, ਕਲੋਰੋਫਲੋਰੋ ਕਾਰਬਨ, ਹਾਈਡਰੋਫਲੋਰੋ ਕਾਰਬਨ ਆਦਿ ਦਾ ਤੇਜੀ ਨਾਲ ਹੋ ਰਿਹਾ ਉਸਰਜਨ ਹੈ ਕਾਰਨ ਜਲਵਾਯੂ ਦੇ ਇਸ ਬਦਲਾਅ ਦਾ ! ਖਦਸ਼ਾ ਜਾਹਰ ਕੀਤਾ ਸੀ ਕਿ ਧਰਤੀ ਕਿਤੇ ਸ਼ੁਕੱਰ ਗ੍ਰਹਿ ਹੀ ਨਾ ਬਣ ਜਾਵੇ !

**ਮਰਦ ਸੂਤਰਧਾਰ:** ਸਵੀਡਨ ਦੇ ਨੋਬਲ ਪੁਰਸਕਾਰ ਜੇਤੂ ਸਵੈਂਟ ਆਰਹੀਨੀਅਸ ਨੇ ਘੜਿਆ ਸੀ ਸ਼ਬਦ ਹਰਿਤ ਘਰ ਪ੍ਰਭਾਵ ਅਤੇ ਅਰਸਤੂ ਦੇ ਵਿਦਿਆਰਥੀ ਥੀਓਫਰੇਸਟਸ ਨੇ ਸਿੱਟਾ

ਕੱਢਿਆ ਕਿ ਦਰੱਖਤਾਂ ਨੂੰ ਕੱਟਣ ਨਾਲ ਮੌਸਮ ਵਿਚ ਤਬਦੀਲੀਆਂ ਆ ਸਕਦੀਆਂ ਹਨ।

**ਔਰਤ ਸੂਤਰਧਾਰ:** ਹੋਈ ਸੀ ਗੱਲ ਕਿ ਹਤਿ ਘਰ ਪ੍ਰਭਾਵ ਦਾ ਅਰਥ ਹੈ ਕਿ ਸੂਰਜ ਦੀ ਗਰਮੀ ਧਰਤੀ ‘ਤੇ ਆਉਣ ਤੋਂ ਬਾਅਦ ਹਰਿਤ ਘਰ ਗੈਸਾਂ ਵੱਲੋਂ ਬਣਾਏ ਕੰਬਲ ਜਿਹੇ ਕਾਰਨ ਵਾਪਸ ਜਾਣ ਵਾਲੀ ਜਿਆਦਾ ਲੰਬੀ ਤਰੰਗ ਲੰਬਾਈ ਵਾਲੇ ਵਿਕੀਰਣਾਂ ਨੂੰ ਇਹ ਕੰਬਲ ਰੋਕ ਲੈਂਦਾ ਹੈ ਜਿਸ ਕਰਕੇ ਧਰਤੀ ਦਾ ਤਾਪਮਾਨ ਵਧਦਾ ਜਾਂਦਾ ਹੈ ਜਿਵੇਂ ਧੁੱਪੇ ਖੜੀ ਕਾਰ ਆਦਿ ਦੇ ਸੀਸ਼ੇ ਬੰਦ ਹੋਣ ਕਰਕੇ ਅੰਦਰ ਦਾ ਤਾਪਮਾਨ ਭੱਠੀ ਵਾਂਗ ਹੋ ਜਾਂਦਾ ਹੈ !

**ਮਰਦ ਸੂਤਰਧਾਰ :** ਹਾਂ! ਇਹ ਵੀ ਕੀਤੀ ਸੀ ਚਰਚਾ ਕਿ ਪਿਛਲੇ 200 ਸਾਲਾਂ ਦੌਰਾਨ ਜੰਗਲ ਤੇਜੀ ਨਾਲ ਕੱਟਣ ਕਰਕੇ ਹਰਿਤ ਘਰ ਗੈਸਾਂ ਦੇ ਉਤਸਰਜਨ ਦੇ ਵਧਣ ਕਰਕੇ ਕਾਰਬਨ ਡਾਈ ਅਕਸਾਈਡ ਦੀ ਮਾਤਰਾ ਜੋ 1780 ਵਿੱਚ 280 ਪੀਪੀ ਐਮ ਸੀ ਵੱਧ ਕੇ 2018 ਵਿੱਚ 410 ਪੀਪੀ ਐਮ ਹੋ ਗਈ ਤੇ ਧਰਤੀ ਦਾ ਤਾਪਮਾਨ ਵਧ ਗਿਆ !

**ਔਰਤ ਸੂਤਰਧਾਰ:** ਹਾਂ ਜੀ! ਸੁਣਾਈ ਸੀ ਇਹ ਕਹਾਣੀ ਵੀ ਕਿ ਕਿਵੇਂ ਇਕ ਅਮਰੀਕੀ ਵਿਗਿਆਨੀ ਚਾਰਲਸ ਕੀਲਿੰਗ ਨੇ ਗਲੋਬਲ ਵਾਰਮਿੰਗ ਦੇ ਸਬੂਤਾਂ ਲਈ 1950ਵਿਆਂ ਦੇ ਅੰਤ ਅਤੇ 1960 ਦੇ ਸ਼ੁਰੂ ਵਿਚ ਅੰਟਾਰਟਿਕਾ ਅਤੇ ਮੌਨਾ ਲੋਆ ਵਿਚ ਵਾਯੂਮੰਡਲੀ $CO_2$ ਦੀ ਮਾਤਰਾ ਨੂੰ ਮਾਪਣ ਲਈ ਸਭ ਤੋਂ ਵੱਧ ਅਧੁਨਿਕ ਤਕਨਾਲੌਜੀ ਵਰਤੀ ਜਿਸ ਨੂੰ ਕੀਲਿੰਗ ਪੈਮਾਨਾ ਕਿਹਾ ਗਿਆ !

**ਮਰਦ ਸੂਤਰਧਾਰ :** ਸੁਣ ਲਿਆ ਸੀ ਤੁਸੀਂ ਸੱਚ ਕਿ ਜਲਵਾਯੂ ਪਰਿਵਰਤਣ ਇੱਕ ਹਕੀਕਤ ਹੈ ਜਿਸਦਾ ਸਪਸ਼ਟ ਸਬੂਤ ਨੇ ਪਿਘਲਦੇ ਗਲੇਸ਼ੀਅਰ, ਵਧਦਾ ਤਾਪਮਾਨ , ਨੰਗੀਆਂ ਹੁੰਦੀਆਂ ਬਰਫਾਨੀ ਚੋਟੀਆਂ , ਚੜ੍ਹਦਾ ਸਮੁੰਦਰ ਬਦਲਦਾ ਮੌਸਮ ਦਾ ਮਿਜ਼ਾਜ਼, ਬਦਲਦੀ ਜੈਵਿਕ ਵੰਨ -ਸੁਵੰਨਤਾ ਜਿਸ ਹਕੀਕਤ ਨੂੰ ਹੁਣ ਤਾਂ ਟਰੰਪ ਨੂੰ ਵੀ ਮੰਨਣਾ ਪੈ ਗਿਆ !

**ਔਰਤ ਸੂਤਰਧਾਰ:** ਗੱਲ ਹੋਈ ਸੀ ਕਿ ਖੋਜਾਂ ਦਸਦੀਆਂ ਹਨ ਕਿ ਸਮੁੰਦਰੀ ਪਾਣੀ ਜਿਆਦਾ ਗਰਮ ਹੋ ਰਿਹਾ ਹੈ ! ਅਲ ਨਿਨੋ, ਲਾ ਨਿਨੋ, ਦੱਖਣੀ ਹਿਲ-ਜੁਲਾਂ ਦੀਆਂ ਝੋਲਣਾਂ, ਥਰਮੋਹੇਲੀਅਨ ਪਰਿਸੰਚਾਲਨ ਯਾਣੀ ਸਮੁੰਦਰੀ ਪਾਣੀ ਦੇ ਤਾਪਮਾਨ ਵਿਚ ਬਦਲਾਅ ਆਉਣ ਕਾਰਨ ਪਾਣੀ ਦਾ ਵਹਾਅ ਬਦਲਦਾ ਹੈ ਨਮਕ ਅਤੇ ਘਣਤਾ ਵੀ ਬਦਲ ਜਾਂਦੀ ਹੈ ।

**ਮਰਦ ਸੂਤਰਧਾਰ :** ਗੱਲ ਕੀਤੀ ਸੀ ਜਵਾਲਾਮੁਖੀ ਵਰਤਾਰਿਆਂ ਤੇ ਧਰਤ ਪਲੇਟਾਂ ਦੀ ਹਰਕਤ ਕਾਰਨ ਜਲਵਾਯੂ ਦੇ ਉਪਰ ਪੈਣ ਵਾਲੇ ਪ੍ਰਭਾਵਾਂ ਦੀ ਕਿ ਜਵਲਾਮੁਖੀ ਵਿਸਫੋਟ ਦੌਰਾਨ ਬਹੁਤ ਵੱਡੀ ਮਾਤਰਾ ਵਿੱਚ ਸਲਫਰ ਡਾਈਆਕਸਾਈਡ ਗੈਸ ਅਤੇ ਸਲਫੇਟ ਏਅਰੋਸੋਲ ਜੋ ਜਵਾਲਾਮੁਖੀ ਵਿਸਫੋਟਾਂ ਤੋਂ ਬਾਹਰ ਨਿਕਲਦੇ

ਹਨ, ਵਾਯੂ ਮੰਡਲ ਦੇ ਸਮਤਾਪ ਮੰਡਲ ਵਿਚ ਮਿਲ ਜਾਂਦੀ ਹੈ...ਸਲਫਿਊਰਿਕ ਐਸਿਡ ਦੀ ਧੁੰਦ ਦੀ ਪਰਤ ਬਣਾਉਂਦੇ ਹੋਏ ਸੌਰ ਵਿਕਿਰਣਾ ਨੂੰ ਸੋਖਦੇ ਜਾਂ ਬਿਖੇਰਦੇ ਹਨ ਜਿਸ ਨਾਲ ਲੰਮੇ ਸਮੇਂ ਦੀ ਗਲੋਬਲ ਵਾਰਮਿੰਗ ਅਤੇ ਥੋੜ-ਚਿਰੀ ਗਲੋਬਲ ਕੂਲਿੰਗ...ਹੋਣ ਕਰਕੇ ਲੂ ਨਾਲ ਮੌਤਾਂ ਵੀ ਵਧ ਰਹੀਆਂ ਨੇ ਅਤੇ ਪਸ਼ੂ-ਪੰਛੀਆਂ ਦਾ ਜਿਉਣਾ ਵੀ ਹੋ ਰਿਹਾ ਹੈ ਮੁਹਾਲ !

**ਔਰਤ ਸੂਤਰਧਾਰ:** ਸੁਣਿਆ ਸੀ ਇਹ ਸੱਚ ਵੀ ਕਿ ਧਰਤੀ ਉਪਰਲੇ ਜੀਵਣ ਦੀਆਂ ਗਤੀਵਿਧੀਆਂ ਵਿਸ਼ੇਸ਼ ਕਰਕੇ ਮਨੁੱਖਾਂ ਦੀਆਂ ਗਤੀਵਿਧੀਆਂ ਪ੍ਰਭਾਵਤ ਕਰਦੀਆਂ ਨੇ ਜਲਵਾਯੂ ਨੂ ਵੀ !

**ਮਰਦ ਸੂਤਰਧਾਰ :** ਸੁਣਾਈ ਸੀ ਦਾਸਤਾਨ ਕਿ ਸਾਨੂੰ ਹਰੀ ਧਰਤੀ ਚਾਹੀਦੀ ਹੈ ਨਾ ਕਿ ਹਰਿਤ ਘਰ ਧਰਤੀ ਜੋ ਬਣ ਰਹੀ ਹੈ ਵਿਕਾਸ ਦੇ ਮੌਜੂਦਾ ਮਾਡਲ ਕਰਕੇ ਛੱਡੀਆਂ ਜਾਂਦੀਆਂ ਹਰਿਤ ਘਰ ਪ੍ਰਭਾਵ ਗੈਸਾਂ ਦੇ ਕਾਰਨ !

**ਔਰਤ ਸੂਤਰਧਾਰ:** ਸੁਣਿਆ ਸੀ ਇਹ ਸੱਚ ਵੀ ਕਿ ਧਰਤੀ, ਸੂਰਜ ਦੇ ਗ੍ਰਹਿ ਪੰਧ ਦੇ ਬਦਲਾਅ, ਇਸਦੀ ਅੰਡਾਕਾਰ ਸ਼ਕਲ, ਅੰਡਾਕਾਰ ਗ੍ਰਹਿ ਪੰਧ ਅਤੇ ਝੁਕੀ ਹੋਈ ਧੁਰੀ ਜਿਆਦਾ ਪ੍ਰਭਾਵ ਪਾਉਂਦੇ ਹਨ ਜਦ ਕਿ ਸੂਰਜੀ ਧੱਬੇ ਅਤੇ ਸੂਰਜੀ ਵਿਕੀਰਣ ਬਦਲਾਅ ਕੋਈ ਬਹੁਤਾ ਪ੍ਰਭਾਵ ਨਹੀਂ ਪਾਉਂਦੇ।

**ਮਰਦ ਸੂਤਰਧਾਰ :** ਹੋਈ ਸੀ ਚਰਚਾ ਹਿਮ ਯੁਗ, ਗਲੇਸ਼ੀਅਲ ਤੇ ਅੰਤਰ ਗਲੇਸ਼ੀਅਲ ਕਾਲ ਦੀ ਵੀ ਅਤੇ ਧਰਤੀ 'ਤੇ ਬਰਫ ਦੇ ਪਿਘਲਣ ਦੀਆਂ ਧਾਰੀਆਂ ਤੋਂ ਅਗਾਸਿਜ਼ ਦੇ ਆਈਸ-ਏਜ ਭਾਵ ਹਿਮ-ਯੁੱਗ ਨਾਮਕ ਸਿਧਾਂਤ ਦੀ ਵੀ ਅਤੇ ਪਿਛਲੀਆਂ ਤਿੰਨ ਸਦੀਆਂ ਵਿੱਚ ਹੋਏ ਤੇਜ ਬਦਲਾਵਾਂ ਦੀ ਵੀ !

**ਔਰਤ ਸੂਤਰਧਾਰ:** ਆਹੋ ਜੀ! ਸੁਣਾਈ ਸੀ ਕਹਾਣੀ ਕਿ ਧਰਤੀ ਦੇ ਇਤਿਹਾਸ ਵਿੱਚ ਘੱਟੋ-ਘੱਟ ਪੰਜ ਪ੍ਰਮੁੱਖ ਹਿਮ-ਯੁੱਗ ਰਹੇ ਹਨ...! ਹੁਰੋਨਿਅਨ ( 240 ਤੋਂ 210 ਕਰੋੜ ਸਾਲ ਪਹਿਲਾਂ), ਕ੍ਰਾਇਓਜੈਨਿਅਨ ( 85 ਤੋਂ 63 ਕਰੋੜ ਸਾਲ ਪਹਿਲਾਂ), ਐਂਡੀਅਨ-ਸਹਾਰਨ (46 ਤੋਂ 42 ਕਰੋੜ ਸਾਲ ਪਹਿਲਾਂ), ਕਾਰੂ-ਹਿਮ-ਯੁੱਗ (36 ਕਰੋੜ ਤੋਂ 26 ਕਰੋੜ ਸਾਲ ਪਹਿਲਾਂ) ਅਤੇ ਵਰਤਮਾਨ ਕਵਾਟਰਨਰੀ ਹਿਮ-ਯੁੱਗ.. 25.8 ਲੱਖ ਸਾਲ ਪਹਿਲਾਂ ਸੁਰੂ ਹੋਇਆ ਸੀ !

**ਮਰਦ ਸੂਤਰਧਾਰ:** ਸੁਣਾਈ ਸੀ ਉਹ ਕਹਾਣੀ ਵੀ ਕਿ 11000 ਸਾਲ ਪਹਿਲਾਂ ਅਸੀਂ ਹੋਲੋਸੀਨ-ਜਲਵਾਯੂ ਵਿੱਚ ਆਏ ਜਿਸਦੀ ਦੀ ਸਥਿਰਤਾ ਨੇ ਸਾਡੀਆਂ ਪ੍ਰਜਾਤੀਆਂ ਨੂੰ ਬਚਾ ਕੇ ਰੱਖਿਆ ਹੈ..

**ਔਰਤ ਸੂਤਰਧਾਰ:** ਹੋਈ ਸੀ ਗੱਲ ਕਿ ਸੰਸਾਰ ਦਾ ਜਲਵਾਯੂ ਮਾਪਣ ਵਾਸਤੇ ਕਾਰਬਨਡਾਈਅਕਸਾਈਡ ਦੇ ਮਾਪ ਲਈ ਮੌਨਾ ਲੁਆ ਤੇ ਹੋਰ ਕਈ ਕੇਂਦਰ ਹਨ ! ਪੁਰਾਤਨ ਕਾਲ ਦੇ ਤਾਪਮਾਨ ਦੇ ਅੰਦਾਜ਼ਿਆਂ ( ਪ੍ਰੋਕਸੀਆਂ) ਲਈ ਅਵਸੇਸ਼ ਕੰਮ ਕਰਦੇ ਨੇ ਜਾਸੂਸਾਂ ਦਾ ਜਿਨ੍ਹਾਂ ਦੇ ਅਧਿਅਨ ਤੋਂ ਤਾਪਮਾਨ ਦਾ ਪਤਾ ਚਲਦਾ ਹੈ !

**ਮਰਦ ਸੂਤਰਧਾਰ :** ਹੋਈ ਸੀ ਗੱਲ ਕਿ ਕਿਵੇਂ ਜਲਵਾਯੂ ਬਦਲਾਅ ਕਾਰਨ ਬਰਫ ਪਿਘਲ ਰਹੀ ਹੈ , ਸਮੁੰਦਰੀ ਜਲ ਵੀ

ਫੈਲ ਰਿਹਾ ਹੈ ਤੇ ਇਸਦਾ ਖਾਰਾਪਣ ਬਦਲ ਕੇ ਇਸਦੀ ਘਣਤਾ ਬਦਲ ਰਿਹਾ ਹੈ ਜਿਸ ਕਰਕੇ ਸਮੁੰਦਰੀ ਜਲ ਸਤਰ ਉਚਾ ਉਠਣ ਨਾਲ ਜਲ ਮਗਨ ਹੋ ਰਹੇ ਨੇ ਟਾਪੂ ਤੇ ਤਟ ਵਰਤੀ ਆਬਾਦੀ !

**ਔਰਤ ਸੂਤਰਧਾਰ:** ਹੋਈ ਸੀ ਗੱਲ ਕਿ ਕਿਵੇਂ ਇਹ ਬਦਲਾਅ ਬਦਲ ਦਿੰਦਾ ਹੈ ਧਰਤੀ ਦੀ ਵੰਨ -ਸੁਵੰਨਤਾ ਨੂੰ , ਅਲੋਪ ਹੋ ਜਾਂਦੀਆਂ ਨੇ ਬਹੁਤ ਸਾਰੀਆਂ ਪ੍ਰਜਾਤੀਆਂ, ਕਈ ਬਦਲ ਲੈਂਦੀਆਂ ਨੇ ਆਪਣੇ ਰੈਣ ਬਸੇਰੇ ਤੇ ਕਈ ਆਪਣਾ ਆਪ ਨੂੰ ਬਦਲਾਅ ਅਨੁਸਾਰ ਢਾਲਣ ਵਿੱਚ ਰਹਿੰਦੀਆਂ ਨੇ ਗਲਤਾਨ !

**ਮਰਦ ਸੂਤਰਧਾਰ :** ਜਲਵਾਯੂ ਬਦਲਾਅ ਦੇ ਹੋਰ ਸਾਖਸ਼ੀ ਨੇ ਓਜ਼ੋਨ ਮੋਰੀ, ਬਸੰਤ ਰੁੱਤ ਵਿੱਚ ਪੱਤੇ ਜਲਦੀ ਆਉਣਾ, ਰੁਖਾਂ ਦੀ ਛਾਲ ਤੇ ਛੱਲੇ ਆਦਿ !

**ਔਰਤ ਸੂਤਰਧਾਰ:** ਹਕੀਕਤ ਹੈ ਕਿ ਬਦਲਾਅ ਕਰਕੇ ਸਮੁੰਦਰ ਦੀ ਕਾਰਬਨ ਸੋਖਣ ਸਮਰੱਥਾ ਘਟਦੀ ਹੈ, ਜਲ ਜਹਿਰੀਲਾ ਹੋਣ ਨਾਲ ਜਲੀ ਜੀਵ ਮਰ ਜਾਂਦੇ ਹਨ , ਫਸਲਾਂ ਦਾ ਉਤਪਾਦਨ ਘਟ ਜਾਂਦਾ ਹੈ ਤੇ ਭੁੱਖ ਮਰੀ ਨਾਲ ਸਾਕਾਹਾਰੀ ਘਟਦੇ ਹਨ ਤੇ ਉਨ੍ਹਾਂ ਤੇ ਨਿਰਭਰ ਮਾਸਾਹਾਰੀਆਂ ਦਾ ਵੀ ਆ ਜਾਂਦਾ ਹੈ ਅੰਤ ਨੇੜੇ !

**ਮਰਦ ਸੂਤਰਧਾਰ :** ਨਵੀਂਆਂ ਬਿਮਾਰੀਆਂ ਦਾ ਆਗਾਜ਼, ਪੁਰਾਣੀਆਂ ਦਾ ਮੁੜ ਸਿਰ ਚੁਕਨਾ ਅਤੇ ਚਲਦੀਆਂ ਬਿਮਾਰੀਆਂ ਦਾ ਜਿਆਦਾ ਮਾਰੂ ਹੋ ਜਾਣਾ , ਸਰੀਰ ਦੀ ਰੋਗ ਰੋਧਕ ਸ਼ਕਤੀ ਦਾ ਘਟਣਾ ਤੇ ਬੀਮਾਰੀ ਵਾਹਕਾਂ ਵਿੱਚ ਵਾਧਾ, ਰਸਾਇਣਾਂ ਨੂੰ ਰੋਧਕਤਾ ਤੇ ਨਵੀਂਆਂ ਵਾਇਰਲ ਬਿਮਾਰੀਆਂ ਦਾ ਆਉਣਾ ਵੀ ਨੇ ਸਿੱਟੇ ਬਦਲਦੀਆਂ ਫਿਜ਼ਾਵਾਂ ਦੇ !

**ਔਰਤ ਸੂਤਰਧਾਰ:** ਸੁਣੇ ਸਨ ਅਸੀਂ ਕਿੱਸੇ ਕਿ ਕਿਵੇਂ ਜਲਵਾਯੂ ਬਦਲਾਅ ਕਾਰਨ ਹੋਇਆ ਉਜਾੜਾ ਬਣਾ ਰਿਹਾ ਹੈ ਗਲੋਬਲ ਵਾਰਮਿੰਗ ਰਿਫਿਊਜੀ , ਯੂ ਐਨ ਓ ਨੇ 2018 ਨੂੰ ਆਲਮੀ ਤਪਸ ਰਿਫਿਊਜੀ ਵਰ੍ਹਾ ਐਲਾਨਦੇ ਹੋਏ ਕਿਹਾ ਹੈ ਕਿ 2050 ਤੱਕ 25 ਕਰੋੜ ਅਜਿਹੇ ਰਿਫਿਊਜੀ ਹੋਣਗੇ ਤੇ ਮੈਕਸੀਕੋ ਦੀਵਾਰ ਦੀ ਤਰ੍ਹਾਂ ਹੋਰ ਦੀਵਾਰਾਂ ਤੇ ਜੰਗਾਂ ਦੇ ਪੈਦਾ ਹੋਣਗੇ ਖਤਰੇ !!

**ਮਰਦ ਸੂਤਰਧਾਰ :** ਸੁਣਾਈ ਸੀ ਕਹਾਣੀ ਕਿ ਕਿਵੇਂ ਗਰਮੀ ਵਧਣ ਨਾਲ ਤੇ ਕੀਟਾਂ ਦੇ ਹਮਲੇ ਵਧਣ ਨਾਲ ਉਤਪਾਦਨ ਜਾਂਦਾ ਹੈ ਬੁਰੀ ਤਰ੍ਹਾਂ ਘਟ ਤੇ ਖਤਰਾ ਹੋ ਜਾਂਦਾ ਹੈ ਪੈਦਾ ਭੋਜਨ ਸੁਰੱਖਿਆ ਨੂੰ ਜਿਸਦੀ ਮਾਰ ਵੀ ਬਹੁਤੀ ਪੈਂਦੀ ਹੈ ਸਾਧਨਹੀਣ ਗਰੀਬਾਂ ‘ਤੇ ਅਤੇ ਗਰੀਬ ਮੁਲਕਾਂ ‘ਤੇ ਹੀ !

**ਔਰਤ ਸੂਤਰਧਾਰ:** ਸੁਣਾਈ ਸੀ ਕਹਾਣੀ ਕਿ ਕਿਵੇਂ 2100 ਤੱਕ ਭਾਰਤ, ਪਾਕਿਸਤਾਨ ਤੇ ਬੰਗਲਾ ਦੇਸ ਵਰਗੇ ਮੁਲਕ ਇਨਸਾਨੀ ਵਸੋਂ ਦੇ ਲਾਇਕ ਨਹੀਂ ਰਹਿਣਗੇ, ਸਮੁੰਦਰੀ ਵਾਤਾਵਰਣੀ ਪ੍ਰਣਾਲੀ ਟੁੱਟ ਜਾਵੇਗੀ ਤੇ ਭੋਜਨ ਲੜੀਆਂ ਦਾ ਤਾਣਾ-ਬਾਣਾ ਜਾਵੇਗਾ ਲੜਖੜਾ!ਆਰਥਿਕ ਤੇ ਸਮਾਜਿਕ ਬੰਦੋਬਸਤ ਜਾਵੇਗਾ ਚਰਮਰਾ!

ਮਰਦ ਸੂਤਰਧਾਰ : ਸੁਣਾਈ ਸੀ ਕਹਾਣੀ ਕਿ ਕਈਆਂ ਦਾ ਮੱਤ ਹੈ ਕਿ ਵਧਦੀ ਕਾਰਬਨਡਾਈਅਕਸਾਈਡ ਕਾਰਨ ਪ੍ਰਕਾਸ਼-ਸ਼ੰਸਲੇਸ਼ਣ ਨਾਲ ਭੋਜਨ ਵਧਣਾ, ਬਰਫ ਪਿਘਲਣ ਨਾਲ ਫਸਲਾਂ ਵਾਸਤੇ ਰਕਬਾ ਵਧਣਾ ਹਰਿਤ ਘਰ ਗੈਸਾਂ ਘਟਾਉਣ ਦੇ ਯਤਨਾਂ ਦਾ ਉਦਯੋਗਾਂ ਅਤੇ ਰੁਜਗਾਰ 'ਤੇ ਬੁਰਾ ਪ੍ਰਭਾਵ,ਆਲਮੀ ਤਪਸ ਰੋਕਣ ਦੇ ਯਤਨਾਂ ਦੇ ਵਿਰੁੱਧ ਹਨ! ਪਰ ਸਮੁੱਚੇ ਲੇਖੇ ਜੋਖੇ ਨਾਲ ਇਹੀ ਸਪਸ਼ਟ ਹੈ ਕਿ ਮਨੁੱਖਤਾ ਨੂੰ ਵਿਸ਼ੇਸ਼ ਕਰਕੇ ਸਾਧਨਹੀਣਾਂ ਤੇ ਗਰੀਬ ਮੁਲਕਾਂ ਨੂੰ ਜਿਆਦਾ ਨੁਕਸਾਨ ਹਨ ਧਰਤੀ ਦੀ ਤਪਸ਼ ਦੇ !

ਔਰਤ ਸੂਤਰਧਾਰ: ਸੁਣਾਈ ਸੀ ਕਹਾਣੀ ਕਿ ਕਿਵੇਂ ਚੜ੍ਹੇ ਸਮੁੰਦਰ ਦਾ ਪਾਣੀ ਖੁਡਾਂ ਵਿੱਚ ਵੀ ਭਰ ਜਾਣ ਕਰਕੇ ਆਸਟਰੇਲੀਆ ਦੇ ਚੂਹੇ ਮੈਲੋਮਿਸ ਖਤਮ ਹੋਏ, ਸਮੁੰਦਰ ਦੇ 100 ਕਿਲੋ ਮੀਟਰ ਦੇ ਦਾਇਰੇ ਵਿਚਲੇ ਇੱਕ ਕਰੋੜ ਤੋਂ ਵੱਧ ਵਸੋਂ ਵਾਲੇ 12 ਮਹਾਂਨਗਰਾਂ ਸਮੇਤ ਸੰਸਾਰ ਦੇ 39 ਵੱਡੇ ਸ਼ਹਿਰ ਦੇ ਮਾਰ ਹੇਠ ਹਨ, ਗਰੀਨਲੈਂਡ ਦੀ ਬਰਫਾਨੀ ਚਾਦਰ 1993 ਤੋਂ 2003 ਤੱਕ ਸਾਲਾਨਾ 50 ਤੋਂ 10,000 ਕਰੋੜ ਟਨ ਘੱਟਦੀ ਰਹੀ, ਪਿਛਲੇ 50 ਸਾਲ ਦੌਰਾਨ ਸਮੁੰਦਰੀ ਤੇਜਾਬੀਪਨ ਦੇ ਵਧਣ ਨਾਲ, ਆਸਟਰੇਲੀਆ ਦੀ ਵੱਡੀ ਵਿਸ਼ਾਲ ਕਾਇ ਪਰਿਆਵਰਣੀ ਪ੍ਰਣਾਲੀ ਦੀਆਂ ਮੱਛੀਆਂ ਦੀਆਂ 1500 ਤੇ ਮੂੰਗਿਆਂ ਦੀਆਂ 4000 ਪ੍ਰਜਾਤੀਆਂ ਅੱਧੀਆਂ ਰਹਿ ਗਈਆ ! ਹੁਣ ਸੰਭਲਣ ਦੀ ਲੋੜ 'ਤੇ ਦਿੱਤਾ ਸੀ ਜੋਰ !

ਮਰਦ ਸੂਤਰਧਾਰ : ਸੁਣੀ ਸੀ ਹਕੀਕਤ ਕਿਜਲਵਾਯੂ ਬਦਲਾਅ ਦੇ ਟਾਕਰੇ ਵਾਸਤੇ ਵਿਸ਼ਵ ਮੌਸਮ ਵਿਗਿਆਨ ਸੰਗਠਨ (WMO), ਸੰਯੁਕਤ ਰਾਸ਼ਟਰ ਵਾਤਾਵਰਨ ਪ੍ਰਾਗਰਾਮ (UNEP) ਅਤੇ ਵਿਗਿਆਨਕ ਸੰਗਠਨਾਂ ਦੀ ਅੰਤਰਰਾਸ਼ਟਰੀ ਪਰਿਸ਼ਦ (ICSU) ਦੁਆਰਾ ਸੰਚਾਲਿਤ ਇਕ 'ਵਿਸ਼ਵ ਜਲਵਾਯੂ ਪ੍ਰੋਗਰਾਮ' ਸਥਾਪਿਤ ਕੀਤਾ ਗਿਆ ਹੈ ।

ਔਰਤ ਸੂਤਰਧਾਰ: ਹਾਂ ਜੀ ਹੋਈ ਸੀ ਗੱਲ ਕਿ 1988 ਵਿੱਚ ਟੋਰਾਂਟੋ ਸੰਮੇਲਣ ਵਿੱਚ ਜਲਵਾਯੂ ਮੁਦਾ ਬਣਿਆ ਸੀ , ਫਿਰ 1991 ਵਿੱਚ UNFCC ਭਾਵ ਯੁਨਾਈਟਿਡ ਨੇਸ਼ਨਜ਼ ਫਰੇਮਵਰਕ ਆਨ ਕਲਾਈਮੇਟ ਚੇਂਜ ਭਾਵ ਜਲਵਾਯੂ-ਤਬਦੀਲੀ ਸਬੰਧੀ ਸੰਯੁਕਤ ਰਾਸ਼ਟਰ ਕਨਵੈਂਸ਼ਨ ਬਾਰੇ ਸੁਝਾਅ ਦਿੱਤਾ ਗਿਆ ਸੀ ਜੋ 1994 ਵਿੱਚ ਲਾਗੂ ਹੋਇਆ ਤੇ ਕਾਨਫਰੰਸ ਆਫ ਪਾਰਟੀਜ਼ ( ਸੀ ਓ ਪੀ ) ਬਣੀ ਜਿਸ ਨੇ 1997 ਵਿੱਚ ਕਿਓਟੋ ਪ੍ਰੋਟੋਕਾਲ (ਮਰਿਆਦਾ ਮਤਾ ਤਿਆਰ ਕੀਤਾ)! ਜਲਵਾਯੂ ਬਦਲਾਅ ਬਾਬਤ ਅੰਤਰ ਸਰਕਾਰੀ ਦਲ ( ਅਈ ਪੀ ਸੀ ਸੀ ) ਵੀ ਬਣਆ ਜਿਸ ਨੂੰ 2007 ਦਾ ਸ਼ਾਂਤੀ ਨੋਬਲ ਇਨਾਮ ਵੀ ਮਿਲਿਆ !

ਮਰਦ ਸੂਤਰਧਾਰ : ਕਿਓਟੋ ਕਾਨਫ਼ਰੰਸ 'ਚ ਦੋ ਤਰ੍ਹਾਂ ਦੀਆਂ ਸਮਾਂ ਸੀਮਾਵਾਂ ਸਨ, ਪਹਿਲੀ ਸੀ 2008 ਤੋਂ 2012 ਤੱਕ ਦੀ ਤੇ ਦੂਜੀ 2012 ਤੋਂ 2020 ਤੱਕ ਦੀ। ਪਹਿਲੇ ਕਾਲ ਦੌਰਾਨ ਕਿਸੇ ਦੇਸ ਨੇ ਹਰਿਤ ਘਰ ਪ੍ਰਭਾਵ ਗੈਸਾਂ ਦੇ ਉਤਸਰਜਨ ਵਿੱਚ 1990 ਦੇ ਮੁਕਾਬਲੇ 5% ਕਮੀ ਕਰਨੀ ਸੀ। ਸ਼੍ਰੇਣੀ ਇਕ ਦੇ ਸਾਰੇ ਦੇਸ਼ਾਂ ਨੇ, ਸਿਵਾਏ ਇਕੱਲੇ ਅਮਰੀਕਾ ਦੇ, ਇਸ ਨੂੰ ਮੰਨਿਆ ਅਤੇ ਨਿਰਧਾਰਿਤ ਮਾਪਦੰਡਾਂ ਨੂੰ ਪੂਰਾ ਕੀਤਾ।

ਔਰਤ ਸੂਤਰਧਾਰ: ਗੱਲ ਹੋਈ ਸੀ ਕਿ 2012 ਵਿੱਚ ਪੈਰਿਸ ਸੰਧੀ ਹੋਈ ਜਿਸ ਵਿੱਚ ਤਾਪਮਾਨ ਦੇ ਵਾਧੇ ਨੂੰ ਉਦਯੋਗਿਕ ਕ੍ਰਾਂਤੀ ਤੋਂ ਪਹਿਲਾਂ ਦੇ ਪੱਧਰ ਨਾਲੋਂ $1.5^0$ ਸੈਲਸੀਅਸ ਤੋਂ ਨਾ ਵਧਣ ਦੇਣ ਦਾ ਟੀਚਾ ਮਿਥਿਆ ! ਕਾਰਬਨ ਪੈੜਾਂ ਤੇ ਕਾਰਬਨ ਕਰੈਡਿਟ ਦਾ ਸੰਕਲਪ ਆਇਆ ਇਸਦੀ ਪੂਰਤੀ ਵਾਸਤੇ!

ਮਰਦ ਸੂਤਰਧਾਰ : ਸੁਣਾਈ ਸੀ ਕਹਾਣੀ ਕਿ ਕਿਵੇਂ 2016 ਵਿੱਚ ਹੋਏ ਪੈਰਿਸ ਸਮਝੌਤੇ ਵਿੱਚ ਅਮਰੀਕਾ ਸ਼ਾਮਲ ਨਾ ਹੋਇਆ , ਫਿਰ ਜੁਲਾਈ 2017 ਵਿੱਚ ਸ਼ਾਮਲ ਹੋ ਗਿਆ ਤੇ ਨਵੰਬਰ 2020 ਤਕ ਸ਼ਮੂਲੀਅਤ ਦਾ ਅਹਿਦ ਸੀ ਪਰ ਨਵੰਬਰ 2019 ਵਿੱਚ ਹੀ ਟਰੰਪ ਨੇ ਇਸ ਵਿੱਚ ਅਮਰੀਕਾ ਪੱਖੀ ਬਦਲਾਅ ਮੰਗਦੇ ਹੋਏ ਛੱਡਣ ਦਾ ਨੋਟਿਸ ਦੇ ਦਿੱਤਾ ਹੈ !

ਔਰਤ ਸੂਤਰਧਾਰ: ਸੁਣਾਈ ਸੀ ਗਾਥਾ ਕਿ ਕਾਰਬਨ ਉਤਸਰਜਨ ਘਟਾਉਣ ਵਾਸਤੇ ਕਾਰਬਨ ਟੈਕਸ ਯਾਨੀ 'ਕਾਰਬਨ ਕਰ' ਦੀ ਧਾਰਨਾ ਪੇਸ਼ ਹੋਈ ! ਇਸ ਅਨੁਸਾਰ ਕਾਰਬਨ ਉਤਸਰਜਨ ਦੀ ਮਾਤਰਾ ਤੇ ਟੈਕਸ ਲਗਾਇਆ ਜਾਂਦਾ ਹੈ ਜਿਸ ਪਿੱਛੇ ਸੋਚ ਹੈ ਕਿ ਟੈਕਸ ਦੇਣ ਦੀ ਥਾਂ ਹਰਿਤ ਉਦਯੋਗ ਚਲਾਉਣਾ ਸਸਤਾ ਪਵੇਗਾ! ਇਸ ਨੂੰ ਪਿਗੋਵੀਅਨ ਕਰ ਵੀ ਕਿਹਾ ਜਾਂਦਾ ਹੈ! ਭਾਰਤ ਵਿੱਚ 2010 ਵਿੱਚ ਕੋਲੇ ਤੇ ਲਗਾਇਆ ਇਹ 50 ਰੁਪਏ ਪ੍ਰਤੀ ਟਨ ਦਾ ਕਰ ਵਧ ਕੇ 400 ਰੁਪਏ ਹੋ ਗਿਆ ਹੈ !

ਔਰਤ ਸੂਤਰਧਾਰ: ਜਲਵਾਯੂ ਬਦਲਾਅ ਦੇ ਮਾਮਲੇ ਵਿੱਚ ਰਾਜਨੀਤਕ ਵਿਰੋਧ ਹਨ , ਵਿਕਸਿਤ ਮੁਲਕ ਹਰਿਤ ਤਕਨਾਲੋਜੀਆਂ ਦੇ ਪੇਟੈਂਟ ਕਰਵਾ ਕੇ ਮਹਿੰਗਾ ਕਰ ਰਹੇ ਹਨ ਜਦ ਕਿ ਵਿਕਾਸਸ਼ੀਲ ਮੁਲਕਾਂ ਦੀ ਲੋੜ ਹੈ ਕਿ ਅਮੀਰ ਮੁਲਕ ਇਹ ਤਕਨਾਲੋਜੀਆਂ ਦਾ ਸਥਾਨਅੰਤਰ ਬਿਨਾ ਕਿਸੇ ਸ਼ੁਲਕ ਦੇ ਕਰਨ!

ਮਰਦ ਸੂਤਰਧਾਰ : ਹੋਈ ਸੀ ਗੱਲ ਕਿ ਮੌਜੂਦਾ ਵਿਕਾਸ ਮਾਡਲ ਨੂੰ ਬਦਲ ਕੇ ਕੁਦਰਤ ਪੱਖੀ ਬਣਾਉਣ ਤੱਕ ਪਹੁੰਚਣ ਦੇ ਅੰਤਰਾਲ ਦੌਰਾਨ ਤਕਨਾਲੋਜੀ ਸਹਿਯੋਗ ਕਰਨਾ ਅਤੇ ਉਤਸਰਜਨ ਦੇ ਲੇਖੇ -ਜੋਖੇ ਦੇ ਮਾਪ ਦੰਡਾਂ ਨੂੰ ਪੁਖਤਾ ਕਰਕੇ ਅੱਗੇ ਵਧਣ ਦੀ ਲੋੜ ਹੈ !

ਔਰਤ ਸੂਤਰਧਾਰ: ਸਾਡੀ ਚਰਚਾ ਵਿੱਚ ਅਗੇ ਵਧਦੇ ਹੋਏ ਅਸੀਂ ਗੱਲ ਕੀਤੀ ਸੀ ਕਿ ਭਾਰਤ ਵਿੱਚ ਜਲਵਾਯੂ ਬਦਲਾਅ ਦੇ ਪ੍ਰਮਾਣ ਹਨ ਰੁਤਾਂ ਦੀ ਅਵਧੀ ਵਿੱਚ ਬਦਲਾਅ , ਗਰਮੀਆਂ ਦਾ ਲੰਬੇ ਹੋਣਾ , ਸਰਦੀਆਂ ਦਾ ਘਟਣਾ , ਸਰਦੀ ਘਟਣ ਕਰਕੇ ਸੇਬ ਦਾ ਝਾੜ ਘਟਣਾ, ਫਸਲਾਂ ਦੇ ਉਤਪਾਦਨ ਦੇ ਘਟਣ ਨਾਲ ਭੋਜਨ ਸੁਰੱਖਿਆ 'ਤੇ ਪ੍ਰਸ਼ਨ ਚਿੰਨ੍ਹਾਂ ਦਾ ਲੱਗਣਾ ਤੇ ਭੋਜਨ ਦੀਆਂ ਕੀਮਤਾਂ ਦਾ ਆਸਮਾਨੀ ਚੜ੍ਹਣਾ !

ਮਰਦ ਸੂਤਰਧਾਰ : ਗੱਲ ਹੋਈ ਸੀ ਕਿ ਜਲਵਾਯੂ ਬਦਲਾਅ ਕਾਰਨ ਕਿਸਾਨ ਨੂੰ ਸਭ ਤਾਂ ਵੱਧ ਮਾਰ ਪੈ ਰਹੀ ਹੈ , ਪਹਿਲਾਂ ਹੀ ਉਸਦੀਆਂ ਖੇਤੀ ਲਈ ਲੋੜੀਂਦੀਆਂ ਵਸਤਾਂ ਦੀਆਂ ਕੀਮਤਾਂ ਵੱਧ ਹਨ ਜਦ ਕਿ ਉਤਪਾਦਨ ਦਾ ਮੁੱਲ ਘੱਟ ਪੈਂਦਾ ਹੈ ਜਿਸ ਕਰਕੇ ਕਿਸਾਨੀ ਘਾਟੇਮੰਦ ਕਿੱਤਾ ਬਣ ਗਿਆ ਹੈ ਤੇ ਕਿਸਾਨ-ਮਜਦੂਰ

ਕਰਜੇ ਦੇ ਜਾਲ ਵਿੱਚ ਹੋਣ ਕਰਕੇ ਪੈ ਗਿਆ ਹੈ ਖੁਦਕੁਸੀਆਂ ਦੇ ਰਾਹ !

**ਔਰਤ ਸੂਤਰਧਾਰ:** ਭਾਰਤ ਵਿੱਚ ਜਲਵਾਯੂ ਬਦਲਾਅ ਕਾਰਨ ਚੜ੍ਹਦੇ ਸਮੁੰਦਰ ਕਾਰਨ ਤਟ ਵਰਤੀ ਆਬਾਦੀ ਦਾ ਉਜਾੜਾ ਹੋ ਜਾਂਦਾ ਹੈ , ਉਨ੍ਹਾਂ ਦੇ ਸੰਸਾਧਨਾਂ ‘ਤੇ ਅਮੀਰ ਕਰ ਲੈਂਦੇ ਨੇ ਕਬਜਾ, ਪ੍ਰਸਥਿਤਿਕ ਤੰਤਰ ਲੜ-ਖੜਾ ਜਾਂਦਾ ਹੈ ਜਿਵੇਂ ਕਿ ਕੇਰਲਾ ਦੇ ਕੋਲਮ ਜਿਲ੍ਹੇ ਦੇ ਅੱਠ ਛੋਟੇ-ਛੋਟੇ ਦੀਪਾਂ ਦੇ ਇਕ ਦੀਪ-ਸਮੂਹ Munroe Thuruthu (ਮੁਨਰੋ ਥਰਥੂ) ਦੇ ਜਲ ਮਗਨ ਹੋਣ ਦੀ ਕਹਾਣੀ ਸਾਡੇ ਸਾਹਮਣੇ ਆਈ ਹੈ !

**ਮਰਦ ਸੂਤਰਧਾਰ :** ਗੱਲ ਕੀਤੀ ਸੀ ਕਿ ਵੱਧਦੇ ਤਾਪਮਾਨ ਕਾਰਨ ਸਮੁੰਦਰਾਂ ਦਾ ਜਲ ਪੱਧਰ ਉਚਾ ਉਣ ਦੇ ਅੰਦਾਜੇ ਵੀ ਬਦਲ ਰਹੇ ਹਨ , 2014 ਵਿੱਚ ਅਨੁਮਾਨ ਸਨ 2099 ਤੱਕ 0.91 ਮੀਟਰ ਉਚਾ ਉਠਣ ਦੇ ਪਰ ਹੁਣ ਤਾਂ ਕਈ ਅਨੁਮਾਨ ਇਸ ਅੰਕੜੇ ਨੂੰ 2.0 ਤੋਂ 2.7 ਮੀਟਰ ਤੱਕ ਵੀ ਲੈ ਗਏ ਹਨ ! ਇਸ ਜਲ ਸਤਾਹ ਦੇ ਵਾਧੇ ਵਿੱਚ 42% ਭੂਮਿਕਾ ਤਾਂ ਸਮੁੰਦਰੀ ਜਲ ਦੇ ਤਾਪਮਾਨ ਦੀ ਹੀ ਰਹੀ ਹੈ !

**ਔਰਤ ਸੂਤਰਧਾਰ:** ਗੱਲ ਹੋਈ ਸੀ ਕਿ ਸਮੁੰਦਰਾਂ ਦੇ ਜਲ ਪੱਧਰ ਦਾ ਵਾਧਾ 8200 ਸਾਲ ਪਹਿਲਾਂ ਘਟਣਾ ਸੁਰੂ ਹੋ ਆਿ ਸੀ ਤੇ 25 ਸਤਾਬਦੀਆਂ ਤੋਂ ਇਹ ਸਥਿਰ ਸੀ ਪਰ ਪਿਛਲੇ 170 ਸਾਲਾਂ ਯਾਣੀ 1850 ਤੋਂ ਇਹ ਮੁੜ ਉਚਾ ਉਠਣ ਲੱਗਿਆ ਹੈ ! ਸੰਨ 1992 ਤੋਂ TOPEX - ਪੋਸੇਡੋਨ ਪੁਲਾੜੀ ਉਪਗ੍ਰਹਿ ਰਾਹੀਂ ਸਮੁੰਦਰਾਂ ਦੇ ਜਲ-ਪੱਧਰ ਦਾ ਮਾਪ ਕੀਤਾ ਜਾ ਰਿਹਾ ਹੈ !

**ਮਰਦ ਸੂਤਰਧਾਰ :** ਸੁਣਾ ਦਿੱਤਾ ਸੀ ਕਿੱਸਾ ਕਿ ਸਮੁੰਦਰੀ ਜਲ ਦਾ ਵਧਦਾ ਤਾਪਮਾਨ ਤੇ ਖਾਰਾਪਣ ਮੱਛੀਆਂ ਤੇ ਜਲੀ ਜੀਵਾਂ ਲਈ ਹੋ ਰਿਹਾ ਹੈ ਘਾਤਕ , ਜਿਸ ਨਾਲ ਮਛੇਰਿਆਂ ਦੀ ਗੁਜਰ ਬਸਰ ਤੇ ਧੰਦਾ ਖਤਰੇ ਚਿੰ ਪੈ ਰਹੇ ਨੇ ਤੇ ਉਨ੍ਹਾਂ ਦੀ ਭੋਜਨ ਸੁਰੱਖਿਆ ਤੇ ਵੀ ਸੰਕਟ ਆ ਰਿਹਾ ਹੈ !

**ਔਰਤ ਸੂਤਰਧਾਰ:** ਸਾਨੂੰ ਇਹ ਵੀ ਪਤਾ ਚੱਲਿਆ ਸੀ ਕਿ ਸਾਗਰਾਂ ਦੇ ਪ੍ਰਸਥਿਤਿਕ ਤੰਤਰ ਵਿੱਚ ਬਦਲਾਅ ਕਾਰਨ ਜੂ-ਪਲੈਂਕਟਿਨ ਦਾ ਹੁੰਦਾ ਖਤਮਾ ਮੱਛੀਆਂ ਦਾ ਭੋਜਨ ਸੰਕਟ ਬਣ ਜਾਂਦਾ ਹੈ , ਪ੍ਰਜਨਣ ਸਮਰੱਥਾ ਘਟ ਜਾਂਦੀ ਹੈ !

**ਮਰਦ ਸੂਤਰਧਾਰ :** ਗੱਲ ਹੋਈ ਸੀ ਕਿ ਜਲਵਾਯੂ ਬਦਲਾਅ ਕਾਰਨ ਮਿੱਟੀ ਦਾ ਖਾਰਾਪਣ , ਖਾਰਾਸੋਡਾਪਣ ਤੇ ਤੇਜਾਬੀਪਣ ਵਧ ਰਿਹਾ ਹੈ ਜਿਸ ਕਰਕੇ ਮਿੱਟੀ ਮਰ ਰਹੀ ਹੈ , ਇਸਦਾ ਹਿਊਮਸ ਨਸ਼ਟ ਹੋ ਰਿਹਾ ਹੈ , ਇਸ ਵਿਚਲੇ ਜੀਵ ਮਰ ਰਹੇ ਹਨ !

**ਔਰਤ ਸੂਤਰਧਾਰ:** ਸੁਣਾਈ ਸੀ ਕਹਾਣੀ ਕਿ ਚਟਾਨਾਂ ਦੇ ਭੁਰਨ ਨਾਲ ਆਉਣ ਵਾਲੇ ਲਵਣ ਕਰਦੇ ਨੇ ਮਿੱਟੀ ਨੂੰ ਖਾਰਾ ਜਿਨ੍ਹਾਂ ਵਿੱਚ ਸ਼ਾਮਲ ਨੇ ਸੋਡੀਅਮ, ਪੋਟਾਸ਼ੀਅਮ, ਕੈਲਸ਼ੀਅਮ, ਮੈਗਨੀਸ਼ੀਅਮ ਦੇ ਕਲੋਰਾਈਡ, ਨਾਈਟਰੇਟ, ਸਲਫੇਟ, ਬਾਈਕਾਰਬੋਨੇਟ ਅਤੇ ਕਾਰਬੋਨੇਟ ਦਾ ਸੁਮੇਲ !

**ਮਰਦ ਸੂਤਰਧਾਰ :** ਖਾਰਾਪਣ ਕਾਰਨ ਪ੍ਰਕਾਸ਼ ਸੰਸਲੇਸ਼ਣ ਘੱਟਦਾ ਹੈ, ਜੜ੍ਹਾਂ ਦੇ ਸੁਰਾਖ ਬੰਦ ਹੋਣ ਕਰਕੇ ਕਾਰਬਨ ਡਾਈ ਅਕਸਾਈਡ ਬਾਹਰ ਨਹੀਂ ਜਾ ਸਕਦੀ ਤੇ ਧਰਤੀ ਦੀ ਨਮੀ ਵੀ ਘਟ ਜਾਂਦੀ ਹੈ ! ਜਿਸ ਕਰਕੇ ਪੌਦੇ ਸੁੱਕ ਜਾਂਦੇ ਹਨ !

**ਔਰਤ ਸੂਤਰਧਾਰ:** ਹੋਈ ਸੀ ਚਰਚਾ ਕਿ ਜਲ ਚੱਕਰ ਵਿੱਚ ਬਦਲਾਅ ਹੋ ਰਿਹਾ ਹੈ, ਮਾਨਸੂਨ ਦਾ ਤੌਰ ਤਰੀਕਾ ਬਦਲ ਰਿਹਾ ਹੈ , ਬਾਰਸ਼ ਥੋੜ੍ਹੇ ਸਮੇ ਵਿੱਚ ਜਿਆਦਾ ਮਾਤਰਾ ਵਿੱਚ ਪਾਣੀ ਸੁਟਦੀ ਹੈ !

**ਮਰਦ ਸੂਤਰਧਾਰ:** ਖੋਜ ਕਰਤਾਵਾਂ ਦੇ ਸੰਨ 1916 ਤੋਂ 2013 ਦੇ ਦਰਮਿਆਨ ਦੇ ਅੰਕੜਿਆਂ ਦੇ ਅਧਿਐਨ ਵਿੱਚ ਵੇਖਿਆ ਗਿਆ ਹੈ ਕਿ ਲਗਭਗ 10% ਜ਼ਿਲ੍ਹਿਆਂ ‘ਚ ਵਰਖਾ ਦਾ ਪ੍ਰਤੀਸ਼ਤ ਵਧ ਰਿਹਾ ਹੈ ਜਦਕਿ 15% ਜ਼ਿਲ੍ਹਿਆਂ ਵਿਚ ਔਸਤ ਵਰਖਾ ਘੱਟ ਹੋ ਰਹੀ ਹੈ।

**ਔਰਤ ਸੂਤਰਧਾਰ:** ਗੱਲ ਹੋਈ ਸੀ ਕਿ ਵਧਦੀ ਗਰਮੀ ਨਾਲ ਪਰਾਗ ਕਣ ਘਟ ਜਾਂਦੇ ਹਨ, ਕਮਜੋਰ ਹੋ ਜਾਂਦੇ ਹਨ ਤੇ ਨਪੁੰਸਕ ਵੀ ਹੋ ਜਾਂਦੇ ਹਨ ਜਿਸ ਨਾਲ ਫਸਲਾਂ ਦਾ ਝਾੜ ਘਟ ਜਾਂਦਾ ਹੈ , ਕਣਕ ਤੇ ਝੋਨੇ ਦੇ ਉਤਪਾਦਨ ‘ਤੇ ਬੁਰਾ ਪ੍ਰਭਾਵ ਪੈਂਦਾ ਹੈ ! ਗਰੀਬ ਦੀ ਅਨਾਜ ਦੀ ਖ਼੍ਰੀਦ ਸ਼ਕਤੀ ਨਾ ਹੋਣ ਕਰਕੇ ਉਸਨੂੰ ਭਰ ਪੇਟ ਭੋਜਨ ਪਹਿਲਾਂ ਹੀ ਨਹੀਂ ਮਿਲਦਾ ਪਰ ਉਤਪਾਦਨ ਘਟਣ ਕਰਕੇ ਕੀਮਤਾਂ ਵਧ ਜਾਂਦੀਆਂ ਤੇ ਗਰੀਬ ਹੋਰ ਜਿਆਦਾ ਸ਼ਿਕਾਰ ਹੋ ਜਾਂਦੇ ਨੇ ਭੁੱਖ ਮਰੀ ਦਾ !

**ਮਰਦ ਸੂਤਰਧਾਰ:** 35 ਡਿਗਰੀ ਸੈਲਸੀਅਸ ਤੋਂ ਵੱਧ ਤਾਪਮਾਨ ‘ਤੇ ਨਵੀਆਂ ਪੱਤੀਆਂ ਨਾ ਨਿੱਕਲਨ ਕਰਕੇ ਮੈਂਗ੍ਰੋਵਾਂ ਦੀ ਸੰਖਿਆ ਘਟਦੀ ਜਾਂਦੀ ਹੈ,38-40 ਡਿਗਰੀ ‘ਤੇ ਪ੍ਰਕਾਸ਼ ਸੰਸਲੇਸ਼ਣ ਰੁਕ ਜਾਂਦਾ ਹੈ ਤੇ ਮੈਂਗ੍ਰੋਵ ਮਰਨ ਲੱਗ ਜਾਂਦੇ ਹਨ। ਜ਼ਿਆਦਾ ਠੰਡਾ ਮੌਸਮ ਹੋਣ ‘ਤੇ ਮੈਂਗ੍ਰੋਵ ਉੱਤਰ ਦੇ ਵੱਲ ਪ੍ਰਵਾਸ ਨਹੀਂ ਕਰਦੇ!

**ਔਰਤ ਸੂਤਰਧਾਰ :** ਸੁਣਾਈ ਸੀ ਗਾਥਾ ਕਿ ਕਾਰਬਨ ਡਾਈਆਕਸਾਈਡ ਦੇ ਵਾਧੇ ਕਰਕੇ ਮੂੰਗੇ ਦੀਆਂ ਚਟਾਨਾਂ ਦੇ ਨਸ਼ਟ ਹੋ ਜਾਣ ਦਾ ਪ੍ਰਭਾਵ ਮੈਂਗ੍ਰੋਵ ‘ਤੇ ਪਵੇਗਾ, ਕਿਉਂਕਿ ਮੂੰਗੇ ਦੀਆਂ ਚਟਾਨਾਂ ਹੀ ਤਾਂ ਮੈਂਗ੍ਰੋਵ ਨੂੰ ਲਹਿਰਾਂ ਦੇ ਪ੍ਰਕੋਪ ਤੋਂ ਸੁਰੱਖਿਅਤ ਰੱਖਦੀਆਂ ਹਨ। ਤਲਛਟ ਵਧਣ ਨਾਲ ਪਾਣੀ ਦੀ ਗਤੀ ਤੇ ਪਿਆ ਪ੍ਰਭਾਵ ਮੈਂਗ੍ਰੋਵ ਦੀ ਸਿਹਤ ਅਤੇ ਸੰਯੋਜਨ ਤੇ ਵੀ ਬੁਰਾ ਅਸਰ ਪਾਉਂਦਾ ਹੈ !

**ਮਰਦ ਸੂਤਰਧਾਰ:** ਵਿਗਿਆਨਕ ਅਨੁਮਾਨਾਂ ਅਨੁਸਾਰ ਸੰਨ 2050 ਤੱਕ ਕਣਕ ਉਤਪਾਦਨ ਵਿੱਚ 50 ਫ਼ੀਸਦੀ, ਚੌਲਾਂ ਵਿੱਚ 17 ਫ਼ੀਸਦੀ ਅਤੇ ਮੱਕੀ ‘ਚ 6 ਫ਼ੀਸਦੀ ਕਮੀ ਆਏਗੀ...! ਦੱਖਣੀ ਏਸ਼ੀਆ ਦੇ ਤਾਪਮਾਨ ਦੇ 0.5 ਤੋਂ $1.2^0$ ਸੈਂਟੀਗ੍ਰੇਡ ਤੱਕ ਵਾਧੇ ਨਾਲ ਅਨਾਜ ਦੇ ਉਤਪਾਦਨ ‘ਚ ਵੱਡੇ ਪੱਧਰ ‘ਤੇ ਕਮੀ ਆਏਗੀ

ਅਤੇ ਲਗਭਗ 1.6 ਅਰਬ ਜਨਸੰਖਿਆ ਦੀ ਭੋਜਨ ਸੁਰੱਖਿਆ ਖ਼ਤਰੇ 'ਚ ਆ ਜਾਵੇਗੀ, 1 ਤੋਂ $4^0$ ਤੱਕ ਵਾਧੇ ਨਾਲ ਪ੍ਰਤੀ ਡਿਗਰੀ ਤਾਪਮਾਨ ਨਾਲ ਚਾਵਲਾਂ ਦੇ ਝਾੜ ਵਿੱਚ 10% ਕਮੀ ਆ ਜਾਂਦੀ ਹੈ !

ਔਰਤ ਸੂਤਰਧਾਰ: ਸੁਣਾਈ ਸੀ ਗਾਥਾ ਕਿ ਗਲੇਸ਼ੀਅਰਾਂ ਦੇ ਸੁੰਗੜਦੇ ਜਾਣ ਨਾਲ ਨਦੀਆਂ ਦੇ ਸੁੱਕ ਜਾਣਗੀਆਂ, 2000 ਤੋਂ 2016 ਦੇ ਦਰਮਿਆਨ ਅੰਟਾਰਕਟਿਕ ਵਿੱਚ ਸਾਲਾਨਾ 125 ਗੀਗਾਟਨ (400 ਕਰੋੜ ਕੁਆਂਟਲ) ਬਰਫ਼ ਪਿਘਲਦੀ ਰਹੀ ! ਸਾਰੀ ਬਰਫ ਪਿਘਲਣ ਨਾਲ ਸਮੁੰਦਰਾਂ ਦੇ ਜਲ ਸਤਰ ਦੇ 230 ਫੁੱਟ ਤੱਕ ਵੱਧਣ ਨਾਲ ਭਾਰਤ , ਚੀਨ, ਵੀਅਤਨਾਮ, ਥਾਈਲੈਂਡ, ਇੰਡੋਨੇਸ਼ੀਆ ਤੇ ਬੰਗਲਾ ਦੇਸ਼ ਦੇ ਇਲਾਕਿਆਂ ਨੂੰ ਜਲ ਮਗਨ ਹੋਣ ਦੇ ਖਤਰੇ ਹਨ !

ਮਰਦ ਸੂਤਰਧਾਰ : ਤਰਕ ਹਨ ਕਿ ਭਾਰਤ ਵਿੱਚ ਮੁੰਬਈ, ਕਲਕੱਤਾ, ਉਡੀਸਾ, ਤਟਵਰਤੀ ਗੁਜਰਾਤ ਚਿਨਈ ਤੇ ਕੋਚੀਨ ਨੂੰ ਬਹੁਤ ਜਿਆਦਾ ਖਤਰੇ ਹਨ, ਪਿਛਲੀ ਅੱਧੀ ਸਦੀ ਵਿੱਚ 200 ਗਲੇਸ਼ੀਅਰ ਖਤਮ ਹੋਏ, ਚੋਰਾਬਰੀ ਗਲੇਸ਼ੀਅਰ ਦੇ ਪਿਘਲਣ ਕਰਕੇ ਬਣੀਆਂ ਝੀਲਾਂ ਦੇ ਟੁੱਟਣ ਕਾਰਨ 2013 ਦੇ ਕੇਦਾਰਨਾਥ ਦਾ ਤਾਂਡਵ ਹੋਇਆ !

ਔਰਤ ਸੂਤਰਧਾਰ: ਸੁਣਾਈ ਸੀ ਕਹਾਣੀ ਕਿ ਗਲੇਸ਼ੀਅਰਾਂ ਦੇ ਅਧਿਅਨ ਵਾਸਤੇ ਹਿਮਾਂਸ ਖੋਜ ਕੇਂਦਰ, ਐਵਲਾਂਚੀ ਅਧਿਅਨ ਸੰਸਥਾਨ ਅਤੇ ਹੋਰ ਅਦਾਰਿਆਂ ਵੱਲੋਂ ਗਲੇਸ਼ੀਅਰਾਂ ਦੀ ਮੋਟਾਈ ਤੇ ਤਾਪਮਾਨ ਦੇ ਅਧਿਅਨ"ਸਟੇਕ" ਯੰਤਰ ਨਾਲ ਕੀਤੇ ਜਾਂਦੇ ਹਨ !

ਮਰਦ ਸੂਤਰਧਾਰ : ਸਪਸ਼ਟ ਹੋ ਗਿਆ ਹੈ ਕਿ ਕਈ ਨਦੀਆਂ ਦੇ ਜੀਵਨ ਦਾਤਾ ਗਲੇਸ਼ੀਅਰਾਂ ਦੇ ਪਿਘਲਦੇ ਰਹਿਣ ਕਾਰਨ ਮਨੁੱਖਤਾ ਦੀ ਹੋਂਦ ਨੂੰ ਪੈਦਾ ਹੋਣ ਵਾਲੇ ਖਤਰਿਆਂ ਤੋਂ ਬਚਾਉਣ ਵਾਸਤੇ ਲੋਕਾਂ ਦੀ ਸਰਗਰਮ ਸ਼ਮੂਲੀਅਤ ਨਾਲ ਵਿਕਾਸ ਦੇ ਮਾਡਲ ਨੂੰ ਬਦਲ ਕੇ ਜੀਵਣ ਸ਼ੈਲੀ ਵਿੱਚ ਬਦਲਾਅ ਕਰਕੇ ਇਸ ਪਿਘਲਾਓ ਨੂੰ ਠੱਲ੍ਹ ਪਾਉਣ ਦੀ ਲੋੜ ਹੈ !

ਔਰਤ ਸੂਤਰਧਾਰ: ਸੁਣਾਈ ਸੀ ਕਹਾਣੀ ਕਿ ਕਿਵੇਂ ਐਂਥਰੈਕਸ ਵਰਗੀਆਂ ਖਤਮ ਹੋਈਆਂ ਬਿਮਾਰੀਆਂ ਸਿਰ ਚੁੱਕ ਰਹੀਆਂ ਹਨ , ਨਵੀਂਆਂ ਬਿਮਾਰੀਆਂ ਦੇ ਇਲਾਜ ਵਾਸਤੇ ਰੋਧਕਤਾ ਵਾਸਤੇ ਨਵੀਂਆਂ ਖੋਜਾਂ ਨਵੀਂਆਂ ਦਵਾਈਆਂ ਤੇ ਉਪਕਰਨਾਂ ਦੀ ਲੋੜ ਹੈ ਜਿਸ ਵਾਸਤੇ ਸੰਸਾਰ ਅਜੇ ਪੂਰੀ ਤਰ੍ਹਾਂ ਤਿਆਰ ਨਹੀਂ ਹੋਇਆ !

ਮਰਦ ਸੂਤਰਧਾਰ : ਗੱਲ ਕੀਤੀ ਸੀ ਕਿ ਜੰਗਲ ਵੀ ਧਰਤੀ ਦੇ ਵਧਦੇ ਤਾਪਮਾਨ ਤੋਂ ਹੈਰਾਨ ਪ੍ਰੇਸ਼ਾਨ ਹਨ, ਬਨਸਪਤੀ ਬਦਲ ਰਹੀ ਹੈ, ਲੰਬੀਆਂ ਗਰਮੀਆਂ ਕਾਰਨ ਕੀੜੇ ਮਕੌੜੇ ਵਧ ਰਹੇ ਹਨ, ਧਰਤੀ ਦੀ ਨਮੀ ਘਟ ਰਹੀ ਹੈ, ਮੀਂਹ ਦਾ ਮਿਜਾਜ਼ ਬਦਲ ਰਿਹਾ ਹੈ, ਸਰਦੀਆਂ ਛੋਟੀਆਂ ਹੋਣ ਕਾਰਨ ਕਈ ਬਨਸਪਤੀਆਂ

ਦੇ ਫੁੱਲ ਪੱਤੇ ਪਣਪ ਨਹੀਂ ਪਾ ਰਹੇ, ਜੰਗਲਾਂ ਵਿੱਚ ਅੱਗ ਲੱਗ ਰਹੀ ਹੈ, ਕੈਲੇਫੋਰਨੀਆਂ ਦੇ ਜੰਗਲਾਂ ਦੀ ਤਾਜ਼ਾ ਅੱਗ ਜਿਉਂਦੀ ਜਾਗਦੀ ਮਿਸਾਲ ਹੈ !

**ਔਰਤ ਸੂਤਰਧਾਰ:** ਹੋਈ ਸੀ ਚਰਚਾ ਕਿ ਪੇੜ ਪੌਦੇ ਤੇ ਸ਼ਾਕਾਹਾਰੀ ਜੀਵ ਆਪਣਾ ਸਥਾਨ ਬਦਲ ਰਹੇ ਹਨ, ਮਾਸਾਹਾਰੀਆਂ ਦਾ ਭੋਜਨ ਘਟ ਰਿਹਾ ਹੈ, ਰੈਣ ਬਸੇਰੇ ਖਤਮ ਹੋਣ ਕਰਕੇ, ਭੋਜਨ ਲੜੀ ਟੁਟੱਣ ਕਰਕੇ ਉਹ ਮਨੁੱਖੀ ਬਸਤੀਆਂ ਵੱਲ਼ ਪਾ ਰਹੇ ਨੇ ਚਾਲੇ।

**ਮਰਦ ਸੂਤਰਧਾਰ :** ਤਸਵੀਰ ਤਾਂ ਸਪਸ਼ਟ ਸਾਹਮਣੇ ਹੈ ਕਿ ਕਾਰਬਨ ਡਾਈ ਅਕਸਾਈਡ ਵਰਗੀਆਂ ਹਰਿਤ ਘਰ ਪ੍ਰਭਾਵ ਗੈਸਾਂ ਦੇ ਜਜ਼ਬ ਕਰਨ ਵਾਲੇ ਜੰਗਲ ਜੇ ਖਤਮ ਹੋ ਗਏ ਤਾਂ ਪ੍ਰਸਿਥਿਤਿਕ ਤੰਤਰ ਵਿਗੜ ਜਾਵੇਗਾ, ਧਰਤੀ ‘ਤੇ ਜੀਵਣ ਖਤਮ ਹੋ ਜਾਵੇਗਾ! ਜੇ ਅਜੇ ਵੀ ਨਾ ਸੰਭਲੇ ਤਾਂ ਬਹੁਤ ਦੇਰ ਹੋ ਜਾਵੇਗੀ!

**ਔਰਤ ਸੂਤਰਧਾਰ:** ਹੋਈ ਸੀ ਚਰਚਾ ਕਿ ਕਿਵੇਂ ਤੇ ਕਿਉਂ ਵਿਗੜ ਰਹੇ ਨੇ ਮੌਸਮ ! ਕਿਉਂ ਬਦਲ ਰਹੇ ਨੇ ਮਿਜਾਜ ਸੋਕੇ, ਹੜ੍ਹਾਂ, ਵਰਖਾ ਤੇ ਹਨੇਰੀਆਂ ਦੇ ! ਕਿੱਸੇ ਸੁਣੇ ਸਨ ਗਰਮੀ ਸਰਦੀ ਆਦਿ ਰੁੱਤਾਂ ਦੀ ਅਵਧੀ ਅਤੇ ਗਰਮੀ ਸਰਦੀ ਦੀ ਤੀਬਰਤਾ ਦੇ ?

**ਮਰਦ ਸੂਤਰਧਾਰ :** ਤਰਕ ਵਿਤਰਕ ਹੋਇਆ ਸੀ ਇਸ ਮਾਮਲੇ ਉਪਰ ਕਿ ਅਸੀਂ ਆਪਣੇ ਆਪ ਨੂੰ ਤੇ ਆਪਣੇ ਜੀਵਣ ਨੂੰ ਕਿਵੇਂ ਬਚਾਅ ਸਕਦੇ ਹਾਂ ਉਨ੍ਹਾਂ ਜਾਨੀ-ਮਾਲੀ ਨੁਕਸਾਨਾਂ ਤੋਂ ਹੁੰਦੇ ਨੇ ਜਿਹੜੇ ਹੜ੍ਹਾਂ ਦੇ ਕਾਰਨ !

**ਔਰਤ ਸੂਤਰਧਾਰ:** ਗੱਲ ਹੋਈ ਸੀ ਕਿ ਸਾਡੀਆਂ ਊਰਜਾ ਲੋੜਾਂ ਵਾਸਤੇ ਘਰਾਂ ਵਿੱਚ ਮਿੱਟੀ ਦੇ ਤੇਲ ਅਤੇ ਪਥਰਾਹਟੀ ਕੋਲੇ ਦੀ ਥਾਂ ਸੂਰਜੀ ਊਰਜਾ ਕਿਵੇਂ ਹੋ ਸਕਦੀ ਹੈ ਹਰਿਤ ਊਰਜਾ ਵਿਕਲਪ!

**ਮਰਦ ਸੂਤਰਧਾਰ :** ਕੀਤੀ ਸੀ ਗੱਲ ਅਸੀਂ ਕਿ ਕਿਵੇਂ ਫਿਜ਼ਾਵਾਂ ਦੇ ਬਦਲਾਅ ਨੂੰ ਠੱਲ੍ਹ ਪਾਉਣ ਵਾਸਤੇ ਅਸੀਂ ਵਰਤ ਸਕਦੇ ਹਾਂ ਪਣ ਊਰਜਾ, ਪੌਣ ਊਰਜਾ, ਜਵਾਰ -ਭਾਟਾ ਊਰਜਾ, ਭੂ-ਗਰਭ ਤਾਪ ਊਰਜਾ , ਸਮੁੰਦਰੀ ਪਾਣੀ ਦੀ ਤਾਪ ਊਰਜਾ, ਘਰੇਲੂ ਕੂੜੇ ਕਰਕਟ ਤੋਂ ਊਰਜਾ , ਜੈਵਿਕ ਕਚਰੇ ਤੋਂ ਊਰਜਾ ਅਤੇ ਖੇਤੀ ਦੀ ਰਹਿੰਦ-ਖੂੰਹਦ ਤੋਂ ਊਰਜਾ !

**ਔਰਤ ਸੂਤਰਧਾਰ:** ਸੁਣੇ ਸਨ ਅਸੀਂ ਉਹ ਕਿੱਸੇ ਵੀ ਕਿਵੇਂ ਸਾਡਾ ਦੇਸ ਭਾਰਤ ਹਰਿਤ ਊਰਜਾ ਵੱਲ ਨੂੰ ਪੁਲਾਂਘਾਂ ਪੁੱਟ ਰਿਹਾ ਹੈ ਤੇ ਕਾਰਬਨ ਪੈੜਾਂ ਘਟਾਉਣ ਵਿੱਚ ਆਗੂ ਭੂਮਿਕਾ ਨਿਭਾ ਰਿਹਾ ਹੈ , ਇਸਦੇ ਬਾਵਜੂਦ ਕਿ ਅਸੀਂ ਹਰਿਤ ਘਰ ਪ੍ਰਭਾਵ ਗੈਸਾਂ ਦੇ ਉਤਸਰਜਨ ਦੇ ਬਹੁਤ ਹੀ ਛੋਟੇ ਕਾਰਕ ਹਾਂ !

**ਮਰਦ ਸੂਤਰਧਾਰ :** ਸੁਣਾਈ ਸੀ ਕਹਾਣੀ ਕਿ ਕਿਵੇਂ ਭਾਰਤ ਤਾਂ ਸੰਸਾਰ ਦੇ ਕੁਲ ਉਤਸਰਜਨ ਦੇ ਵੀਹਵੇਂ ਹਿੱਸੇ ਲਈ ਹੀ ਜਿੰਮੇਵਾਰ ਹੈ , ਪ੍ਰਤੀ ਵਿਅਕਤੀ ਸਾਡਾ ਉਤਸਰਜਨ ਤਾਂ ਸੰਸਾਰ ਵਿੱਚ ਪ੍ਰਤੀ ਵਿਅਕਤੀ ਉਤਸਰਜਨ ਤੋਂ 70% ਘੱਟ ਹੈ ਤੇ ਅਮਰੀਕਾ ਨਾਲੋਂ ਤਾਂ 93% ਘੱਟ ਹੈ !

**ਔਰਤ ਸੂਤਰਧਾਰ:** ਹੋਈ ਸੀ ਗੱਲ ਕਿ ਕਿਸ ਤਰ੍ਹਾਂ ਸਾਡੇ ਅੱਜੋਕੇ ਵਿਕਾਸ ਮਾਡਲ ਦੁਆਰਾ ਸਿਰਜੀ ਖਪਤਵਾਦੀ ਜੀਵਣ ਸ਼ੈਲੀ, ਵਰਤੋ ਤੇ ਸੁਟੋ ਵਾਲਾ ਵਤੀਰਾ ਬਣ ਰਿਹਾ ਹੈ ਕਾਰਨ ਸੁੰਗੜਦੇ ਸ੍ਰੋਤਾਂ ਦਾ ਤੇ ਹਰਿਤ ਘਰ ਪ੍ਰਭਾਵ ਗੈਸਾਂ ਦੇ ਵਧਦੇ ਉਤਸਰਜਨ ਦਾ!

**ਮਰਦ ਸੂਤਰਧਾਰ:** ਹੋਈ ਸੀ ਚਰਚਾ ਕਿ ਜਲਵਾਯੂ ਬਦਲਾਅ ਤੋਂ ਬਚਾਓ ਦੇ ਲਈ ਜਰੂਰੀ ਹੈ ਕਿ ਵਿਕਾਸ ਦੇ ਮਾਡਲ ਵਿੱਚ ਬਦਲਾਅ ਕੀਤਾ ਜਾਵੇ ਪਰ ਇਸ ਦੇ ਨਾਲ ਹੀ ਸਾਨੂੰ ਭੋਜਨ ਸੁਰਖਿਆ ਯਕੀਨੀ ਬਣਾਉਣ ਵਾਸਤੇ ਖੋਜ ਰਾਹੀਂ ਫਸਲਾਂ ਦੀਆਂ ਨਵੀਂਆਂ ਵੰਨਗੀਆਂ ਤਿਆਰ ਕਰਨ ਦੀ ਹੈ ਲੋੜ ਜਿਹੜੀਆਂ ਪੱਲਰ ਸਕਣ ਜਿਆਦਾ ਤਰ ਜਲਵਾਯੂ ਵਿੱਚ ਵੀ ਤੇ ਸੋਕੇ ਵਿੱਚ ਵੀ !

**ਔਰਤ ਸੂਤਰਧਾਰ:** ਸੁਣਾਈ ਸੀ ਕਹਾਣੀ ਕਿ ਅਸੀਂ ਆਪਣੇ ਦੇਸ ਵਿੱਚ ਜਲਵਾਯੂ ਬਦਲਾਅ ਤੋਂ ਬਚਣ ਵਾਸਤੇ ਖੇਤੀ, ਉਦਯੋਗਾਂ, ਊਰਜਾ , ਪਾਣੀ , ਸ੍ਰੋਤਾਂ ਦੀ ਵਰਤੋਂ ਅਤੇ ਕਾਰਬਨ ਸਿੰਕ ਵਾਸਤੇ ਕੀ ਕਰ ਰਹੇ ਹਾਂ ਯਤਨ ?

**ਮਰਦ ਸੂਤਰਧਾਰ:** ਹੁਣ ਤਾਂ ਸਾਫ ਚਾਨਣ ਹੋ ਗਿਆ ਕਿ ਜਲਵਾਯੂ ਬਦਲਾਅ ਕਾਰਨ ਖਤਰੇ ਵਿੱਚ ਨੇ ਸਾਡੇ ਜੰਗਲ, ਸਾਡੇ ਸਮੁੰਦਰ, ਸਾਡੇ ਪਹਾੜ, ਸਾਡੇ ਗਲੇਸ਼ੀਅਰ, ਸਾਡੀਆਂ ਨਦੀਆਂ , ਸਾਡੀ ਜੈਵਿਕ ਭਿੰਨਤਾ ਤੇ ਵੰਨ ਸੁਵੰਨਤਾ , ਸਾਡੀ ਧਰਤੀ , ਸਾਡਾ ਭੋਜਨ , ਸਾਡੀ ਸਿਹਤ, ਸਾਡੇ ਰੈਣ ਬਸੇਰੇ, ਸਾਡਾ ਅਮਨ ਤੇ ਭਾਈਚਾਰਾ !

**ਔਰਤ ਸੂਤਰਧਾਰ:** ਜਾਣ ਲਿਆ ਹੈ ਅਸੀਂ ਤਾਂ ਤੇ ਤੁਸੀਂ ਵੀ ਸਮਝ ਗਏ ਹੋਵੋਗੇ ਕਿ ਖਤਰਾ ਮੰਡਰਾ ਰਿਹਾ ਹੈ ਮਨੁੱਖਤਾ ਦੀ ਹੋਂਦ ‘ਤੇ ਇਸ ਧਰਤ ਗ੍ਰਹਿ ਦੀ ਹੀ ਹੋਂਦ ‘ਤੇ , ਬਦਲਦੀਆਂ ਫਿਜ਼ਾਵਾਂ ਕੋਈ ਅੰਕੜਿਆਂ ਦੀ ਖੇਡ ਨਹੀਂ ਬਲਕਿ ਹਕੀਕਤ ਹੈ ਇਹ ਤੇਜੀ ਨਾਲ ਬਦਲਦਾ ਜਲਵਾਯੂ ਤਾਂ ! ਲੋੜ ਹੈ ਮੌਜੂਦਾ ਵਿਕਾਸ ਮਾਡਲ ਵੱਲੋਂ ਸਿਰਜੀ ਇਸ ਖਪਤਵਾਦੀ ਜੀਵਣਸ਼ੈਲੀ ਨੂੰ ਬਦਲਣ ਦੀ ਜਿਸ ਵਾਸਤੇ ਜਰੂਰੀ ਹੈ ਕਿ ਵਿਕਾਸ ਮਾਡਲ ਨੂੰ ਕੁਦਰਤ ਨਾਲ ਇਕਸੁਰਤਾ ਵਾਲਾ , ਲੋੜਾਂ ਹੀ ਲਾਲਚ ਨਹੀਂ ਪੂਰਾ ਕਰਨ ਵਾਲਾ ਬਣਾਇਆ ਜਾਵੇ , ਮੁਨਾਫਾ ਨਹੀਂ ਲੋੜਾਂ ਦੀ ਪੂਰਤੀ ਵਾਲਾ ਬਣਾਇਆ ਜਾਵੇ ! ਵੇਲਾ ਹੈ ਅਜੇ ਵੀ ਸੰਭਲ ਜਾਈਏ !